Friday, July 11, 2025

# ਪੰਜਾਬੀ ਜਰਨਲ
# PUNJABI JOURNAL

ਹਾੜ 20, ਨਾਨਕਸ਼ਾਹੀ ਸੰਮਤ: 555 | Volume: 18, Issue: 28| Ph: 778-957-3646
www.punjabijournal.ca, Email: punjabijournal@gmail.com



WCC WESTERN COMMUNITY COLLEGE

ABBOTSFORD
Unit 201, 3670 Townline Rd Abbotsford, BC V2T 5W8

SURREY
Unit 201 8318 120 St Surrey, BC V3W 3N4

SOUTH SURREY
Unit 204, 15850 24 Avenue, Surrey, BC V3Z 0G1

wcc.ca | Tel : 604.594.3500


## ਮੇਅਰ ਬਰੈਂਡਾ ਲੌਕ ਨੇ ਬੇਅਰ ਕਰੀਕ ਸਟੇਡੀਅਮ ਦਾ ਉਦਘਾਟਨ ਕਰਦਿਆਂ ਵੱਡੇ ਐਲਾਨ ਕੀਤੇ




**ਸਰੀ:** ਸਰੀ ਸਿਟੀ ਕੌਂਸਲ ਦੀ ਮੇਅਰ ਬਰੈਂਡਾ ਲੌਕ ਨੇ ਬੀਤੇ ਦਿਨ ਬੇਅਰ ਕਰੀਕ ਸਟੇਡੀਅਮ ਦੇ ਮੁਕੰਮਲ ਹੋਣ ਦਾ ਜਸ਼ਨ ਰਿਬਨ ਕੱਟਣ ਦੀ ਰਸਮ ਨਾਲ ਮਨਾਇਆ। ਇਸ ਸਟੇਡੀਅਮ ਵਿਚ ਹੁਣ ਪਹਿਲਾਂ ਨਾਲੋਂ ਤਿੰਨ ਗੁਣਾ ਸੀਟਾਂ ਵਾਲਾ ਛੱਤਿਆ ਹੋਇਆ ਵਿਸ਼ਾਲ ਸਟੈਂਡ ਬਣ ਗਿਆ ਹੈ, ਅੱਪਗ੍ਰੇਡ ਕੀਤਾ ਗਿਆ ਟਰੈਕ ਅਤੇ ਨਵੇਂ ਚੇਂਜਰੂਮ ਹਨ। ਇਸ ਸਟੇਡੀਅਮ ਨੂੰ ਪਹੁੰਚਯੋਗਤਾ ਅਤੇ ਅਨੁਕੂਲਤਾ ਨੂੰ ਧਿਆਨ ਵਿੱਚ ਰੱਖ ਕੇ ਡਿਜ਼ਾਈਨ ਕੀਤਾ ਗਿਆ ਹੈ, ਜਿਸ ਵਿੱਚ ਚੌੜੇ ਰਸਤੇ, ਪਹੁੰਚਯੋਗ ਜਨਤਕ ਵਾਸ਼ਰੂਮ, ਪਹੁੰਚਯੋਗ ਸ਼ਾਵਰਾਂ ਵਾਲੇ ਯੂਨੀਵਰਸਲ ਚੇਂਜ ਰੂਮ ਅਤੇ ਉੱਪਰਲੀ ਮੰਜ਼ਿਲ 'ਤੇ ਜਾਣ ਲਈ ਇੱਕ ਐਲੀਵੇਟਰ ਸ਼ਾਮਲ ਹੈ।

ਉਦਘਾਟਨੀ ਮੌਕੇ ਬੋਲਦਿਆਂ ਮੇਅਰ ਬਰੈਂਡਾ ਲੌਕ ਨੇ ਕਿਹਾ ਕਿ ਅੱਪਗ੍ਰੇਡ ਕੀਤੇ ਬੀਅਰ ਕਰੀਕ ਸਟੇਡੀਅਮ ਦਾ ਮੁਕੰਮਲ ਹੋਣਾ ਸਾਡੇ ਭਾਈਚਾਰੇ ਲਈ ਇੱਕ ਦਿਲਚਸਪ ਮੀਲ ਪੱਥਰ ਹੈ ਅਤੇ ਇਹ ਲੋਅਰ ਮੇਨਲੈਂਡ ਵਿਚ ਹੋਣ ਵਾਲੇ ਖੇਡ ਸਮਾਗਮਾਂ ਲਈ ਇੱਕ ਪ੍ਰਮੁੱਖ ਸਥਾਨ ਵਜੋਂ ਕੰਮ ਕਰੇਗਾ। 2,200 ਸੀਟਾਂ ਵਾਲਾ ਅਤੇ ਅੰਤਰਰਾਸ਼ਟਰੀ ਮਾਪਦੰਡਾਂ 'ਤੇ ਪੂਰਾ ਉੱਤਰਦਾ ਇੱਕ ਟਰੈਕ ਹੁਣ ਵੱਡੇ ਸਮਾਗਮਾਂ ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ ਜਿਸ ਨਾਲ ਸਾਡੇ ਭਾਈਚਾਰੇ ਨੂੰ ਸੈਲਾਨੀ ਅਤੇ ਆਰਥਿਕ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਸਰੀ ਕੌਂਸਲ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸਰੀ ਵਿੱਚ ਖੇਡਾਂ ਅਤੇ ਮਨੋਰੰਜਨ ਸਹੂਲਤਾਂ ਸ਼ਹਿਰ ਦੇ ਜ਼ਬਰਦਸਤ ਵਿਕਾਸ ਦੀ ਰਫ਼ਤਾਰ ਨਾਲ ਨਾਲ ਚਲਦੀਆਂ ਰਹਿਣ। ਸਿਟੀ ਵੱਲੋਂ ਇਤਿਹਾਸਕ ਨਿਵੇਸ਼ ਕੀਤਾ ਜਾ ਰਿਹਾ ਹੈ, ਜਿਸ ਵਿੱਚ 710 ਮਿਲੀਅਨ ਡਾਲਰ ਦਾ ਪ੍ਰੋਗਰਾਮ ਵੀ ਸ਼ਾਮਲ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਵਧ ਰਹੇ ਸ਼ਹਿਰ ਵਿੱਚ ਉਹ ਸਹੂਲਤਾਂ ਉਪਲਬਧ ਹੋਣ ਜਿਨ੍ਹਾਂ ਦੀ ਉਸ ਨੂੰ ਵਧਣ-ਫੁੱਲਣ ਲਈ ਲੋੜ ਹੈ।

ਜ਼ਿਕਰਯੋਗ ਹੈ ਕਿ 1950 ਦੇ ਦਹਾਕੇ ਤੋਂ, ਬੀਅਰ ਕਰੀਕ ਪਾਰਕ ਵਿਖੇ ਟਰੈਕ ਅਤੇ ਫੀਲਡ ਨੇ ਅਣਗਿਣਤ ਖੇਡ ਅਤੇ ਭਾਈਚਾਰਕ ਸਮਾਗਮਾਂ ਦੀ ਮੇਜ਼ਬਾਨੀ ਕੀਤੀ ਹੈ ਅਤੇ ਦਹਾਕਿਆਂ ਦੌਰਾਨ ਇਸ ਵਿੱਚ ਕਈ ਸੁਧਾਰ ਹੋਏ ਹਨ। ਨਵਾਂ ਸਟੇਡੀਅਮ ਸਰੀ ਨੂੰ ਐਥਲੈਟਿਕਸ ਕੈਨੇਡਾ ਅਤੇ ਵਰਲਡ ਐਥਲੈਟਿਕਸ ਵਰਗੀਆਂ ਸੰਸਥਾਵਾਂ ਰਾਹੀਂ ਪ੍ਰਮੁੱਖ ਖੇਡ ਸੈਰ-ਸਪਾਟਾ ਮੌਕਿਆਂ 'ਤੇ ਬੋਲੀ ਲਾਉਣ ਲਈ ਸਥਿਤੀ ਪ੍ਰਦਾਨ ਕਰੇਗਾ ਜੋ ਭਾਈਚਾਰੇ ਨੂੰ ਮਹੱਤਵਪੂਰਨ ਆਰਥਿਕ ਲਾਭ ਪੈਦਾ ਕਰ ਸਕਦੇ ਹਨ।

## ਬਿਲਗਾ ਨਗਰ ਦੀ ਸੰਗਤ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦਾ ਵਿਆਹ ਪੁਰਬ ਮਨਾਇਆ





**ਸਰੀ:** ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਚ ਬਿਲਗਾ ਨਗਰ ਦੇ ਵਸਨੀਕਾਂ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਵਿਆਹ ਸੰਬੰਧੀ ਪੁਰਬ ਬੜੇ ਹੀ ਚਾਵਾਂ ਨਾਲ ਮਨਾਇਆ ਗਿਆ। ਇਸ ਸੰਬੰਧ ਵਿਚ ਰੱਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਦਰਬਾਰ ਹਾਲ ਵਿਚ ਦੀਵਾਨ ਸਜਾਏ ਗਏ। ਰਾਗੀ ਜੱਥਿਆਂ ਭਾਈ ਸਰਬਜੀਤ ਸਿੰਘ ਅਤੇ ਭਾਈ ਇਕਬਾਲ ਸਿੰਘ ਅਤੇ ਗਿਆਨੀ ਸਤਵਿੰਦਰਪਾਲ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਤੇ ਕਥਾ ਨਾਲ ਨਿਹਾਲ ਕੀਤਾ।

ਦੱਸਿਆ ਜਾਂਦਾ ਹੈ ਕਿ ਪੰਚਮ ਪਾਤਸ਼ਾਹ ਮਾਤਾ ਗੰਗਾ ਜੀ ਨਾਲ ਅਨੰਦ ਕਾਰਜ ਸਮੇਂ 'ਮੌ ਸਾਹਿਬ' ਨੂੰ ਜਾਂਦੇ ਹੋਏ ਜੰਞ ਸਮੇਤ ਦੁਆਬੇ ਦੇ ਇਸ ਇਤਿਹਾਸਕ ਨਗਰ ਵਿਚ ਠਹਿਰੇ ਸਨ। ਬਿਲਗਾ ਨਗਰ ਵਿਚ ਹਰ ਸਾਲ 18 ਤੋਂ 20 ਹਾੜ ਨੂੰ ਤਿੰਨ ਦਿਨਾਂ ਦਾ ਸਾਲਾਨਾ ਜੋੜ ਮੇਲਾ ਹੁੰਦਾ ਹੈ ਤੇ ਉਸ ਤੋਂ ਅਗਲੇ ਤਿੰਨ ਦਿਨ 'ਮੌ ਸਾਹਿਬ' ਵਿਖੇ ਵਿਆਹ ਪੁਰਬ ਦੇ ਸਬੰਧ ਵਿਚ ਧਾਰਮਿਕ ਦੀਵਾਨ ਦੇ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸਜਾਏ ਜਾਂਦੇ ਹਨ। ਬਿਲਗਾ ਨਗਰ ਦੇ ਇਤਿਹਾਸ ਸੰਬੰਧੀ ਇਹ ਵੀ ਦੱਸਿਆ ਜਾਂਦਾ ਹੈ ਕਿ ਪਹਿਲੇ ਪਹਿਲ ਗੁਰੂ ਕਾਲ ਸਮੇਂ ਇਹ ਪਿੰਡ ਝੁੱਗੀਆਂ ਵਿਚ ਵਸਦਾ ਸੀ ਅਤੇ ਹਰ ਸਾਲ ਕੁਦਰਤੀ ਕਰੋਪੀ ਤੇ ਅੱਗ ਦਾ ਸ਼ਿਕਾਰ ਹੋ ਜਾਂਦਾ ਸੀ। ਪਿੰਡ ਵਾਸੀਆਂ ਦੀ ਬੇਨਤੀ ਨੂੰ ਸਵੀਕਾਰ ਕਰਦਿਆਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ ਕਿ ਭਵਿੱਖ ਵਿਚ ਅਕਾਲ ਪੁਰਖ ਦੀ ਰਹਿਮਤ ਸਦਕਾ ਇੱਥੇ ਬਹੁਤ ਵੱਡਾ ਨਗਰ ਵਸੇਗਾ। ਗੁਰੂ ਜੀ ਦੇ ਬਚਨਾਂ ਅਨੁਸਾਰ ਜਲੰਧਰ ਜ਼ਿਲ੍ਹੇ ਦੀ ਤਹਿਸੀਲ ਫਿਲੌਰ ਵਿਚ ਇਹ ਨਗਰ ਮੌਜੂਦ ਹੈ ਤੇ ਅੱਜ ਕੱਲ੍ਹ ਇਹ ਸੱਤ ਪੱਤੀਆਂ ਦੇ ਰੂਪ ਵਿਚ ਵਸਿਆ ਹੋਇਆ ਹੈ। ਗੁਰੂ ਆਰਜਨ ਦੇਵ ਜੀ ਦੀ ਛੋਹ ਪ੍ਰਾਪਤ ਕਈ ਵਸਤਾਂ ਵੀ ਇੱਥੋਂ ਦੇ ਗੁਰਦੁਆਰਾ ਸਾਹਿਬ ਵਿਚ ਮੌਜੂਦ ਹਨ।

ਸੇਵਾਦਾਰ ਬੀਬੀਆਂ ਨੇ ਮਿਲ ਕੇ ਸੀਰਨੀ ਗੋਗਲੇ ਤੇ ਲੱਡੂ ਵਗੈਰਾ ਵਿਆਹ ਸਮਾਗਮ ਸੰਬੰਧੀ ਮਠਿਆਈ ਬਨਾਉਣ ਦੀ ਸੇਵਾ ਬਹੁਤ ਤਨਦੇਹੀ ਨਾਲ ਕੀਤੀ। ਨਗਰ ਵਾਸੀਆਂ ਨੂੰ ਨਿਸ਼ਾਨੀ ਦੇ ਤੌਰ 'ਤੇ ਵੰਡੀ ਗਈ ਅਤੇ ਲੰਗਰ ਹਾਲ ਵਿਚ ਸੰਗਤਾਂ ਨੇ ਵੀ ਅਨੰਦ ਮਾਣਿਆ। ਨਗਰ ਨਿਵਾਸੀਆਂ ਨੇ ਆਉਂਦੇ ਸਾਲ 2026 ਲਈ ਇਹ ਪ੍ਰੋਗਰਾਮ 3-4-5 ਜੁਲਾਈ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਕਰਵਾਉਣ ਦਾ ਐਲਾਨ ਕੀਤਾ।


Sabzi Mandi SUPERMARKET

Chal Chaliye Sabzi Mandi Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
ਸਬਜ਼ੀ ਮੰਡੀ ਨੂੰ ਯਾਦ ਰਖੋ



RETURN UNDELIVERABLE TO CIRCULATION WING - SW MEDIA GROUP #13 - 11888 MELLIS DR. RICHMOND BC V6X 1M1 PUBLICATION MAIL Contract/Agreement # is 41798524.

# ਕਿਸਾਨ ਯੂਨੀਅਨਾਂ ਦੇ ਲੀਡਰ ਕਿਸਾਨਾਂ ਦੀ ਨਹੀਂ ਮਹਿਜ ਆਪਣੀ ਸੇਵਾ ਕਰਦੇ ਹਨ: ਭਗਵੰਤ ਮਾਨ

**ਚੰਡੀਗੜ੍ਹ:** ਸੂਬੇ ਵਿੱਚ ਔਰਤਾਂ ਦੇ ਵੱਧ ਅਧਿਕਾਰਾਂ ਪ੍ਰਤੀ ਮਹੱਤਵਪੂਰਨ ਕਦਮ ਚੁੱਕਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਪਿੰਡਾਂ ਦੇ ਵਿਕਾਸ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਣ ਵਾਲੀਆਂ 1500 ਮਹਿਲਾ ਸਰਪੰਚਾਂ ਤੇ ਪੰਚਾਂ ਨੂੰ ਪਵਿੱਤਰ ਅਸਥਾਨ ਨਾਂਦੇੜ ਸਾਹਿਬ ਦੇ ਦਰਸ਼ਨ ਕਰਨ ਲਈ ਭੇਜਣ ਦਾ ਫੈਸਲਾ ਕੀਤਾ ਹੈ।

ਇਸ ਬਾਰੇ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨੌਵੇਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਹ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮਹਿਲਾ ਸਰਪੰਚਾਂ-ਪੰਚਾਂ ਦਾ ਆਉਣ-ਜਾਣ ਅਤੇ ਰਹਿਣ-ਸਹਿਣ ਦਾ ਸਾਰਾ ਖਰਚਾ ਪੰਜਾਬ ਸਰਕਾਰ ਸਹਿਣ ਕਰੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਮਹਿਲਾ ਪੰਚਾਇਤੀ ਨੁਮਾਇੰਦਿਆਂ ਦੇ ਇਸ ਪਵਿੱਤਰ ਅਸਥਾਨ 'ਤੇ ਜਾਣ ਲਈ ਵਿਸ਼ੇਸ਼ ਰੇਲ ਗੱਡੀਆਂ ਦਾ ਬੰਦੋਬਸਤ ਕੀਤਾ ਜਾਵੇਗਾ ਅਤੇ ਮਹਾਰਾਸ਼ਟਰ ਵਿੱਚ ਇਨ੍ਹਾਂ ਨੂੰ ਸਿਖਲਾਈ ਵੀ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਪੰਜਾਬੀ ਦੇ ਦਿਲ ਵਿੱਚ ਨਾਂਦੇੜ ਸਾਹਿਬ ਪ੍ਰਤੀ ਬਹੁਤ ਸ਼ਰਧਾ ਤੇ ਮਹੱਤਵ ਹੈ ਅਤੇ ਬਹੁਤ ਸਾਰੇ ਲੋਕਾਂ ਦੇ ਮਨ ਵਿੱਚ ਜ਼ਿੰਦਗੀ 'ਚ ਘੱਟੋ-ਘੱਟ ਇਕ ਵਾਰ ਦਰਸ਼ਨ ਕਰਨ ਦੀ ਤਾਂਘ ਹੁੰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪੰਚ-ਸਰਪੰਚ ਮਹਿਲਾ ਸਸ਼ਕਤੀਕਰਨ ਦੀ ਭਾਵਨਾ ਦੀ ਮਿਸਾਲ ਹਨ ਅਤੇ ਸਰਕਾਰ ਇਨ੍ਹਾਂ ਨੂੰ ਇਸ ਤੀਰਥ ਯਾਤਰਾ ਦੇ ਦਰਸ਼ਨਾਂ ਲਈ ਲਿਜਾ ਕੇ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਨਾ ਚਾਹੁੰਦੀ ਹੈ। ਭਗਵੰਤ ਸਿੰਘ ਮਾਨ ਨੇ ਉਮੀਦ ਪ੍ਰਗਟ ਕੀਤੀ ਕਿ ਮਹਿਲਾ ਸਰਪੰਚ ਤੇ ਪੰਚ ਪੰਜਾਬ ਤੇ ਪੰਜਾਬੀਆਂ ਲਈ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਲਈ ਅਰਦਾਸ ਕਰਨਗੇ। ਉਨ੍ਹਾਂ ਕਿਹਾ ਕਿ ਸਰਕਾਰ ਇਸ ਪਹਿਲਕਦਮੀ ਨੂੰ ਪੁਖਤਾ ਢੰਗ ਨਾਲ ਅਮਲ ਵਿੱਚ ਲਿਆਉਣ ਲਈ ਲੋੜੀਂਦੀ ਰੂਪ-ਰੇਖਾ ਨੂੰ ਅੰਤਿਮ ਰੂਪ ਦੇ ਰਹੀ ਹੈ।



ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪਿਛਲੀ ਕਾਂਗਰਸ ਸਰਕਾਰ ਨੇ ਪੰਜਾਬ ਦੇ ਡੈਮਾਂ ਦੀ ਸੁਰੱਖਿਆ ਲਈ ਸੀ.ਆਈ.ਐਸ.ਐਫ. ਦੇ ਜਵਾਨਾਂ ਨੂੰ ਤਾਇਨਾਤ ਕਰਨ ਦੀ ਸਹਿਮਤੀ ਦਿੱਤੀ ਸੀ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਮੌਜੂਦਾ ਸਰਕਾਰ ਇਸ ਫੈਸਲੇ ਨੂੰ ਵਾਪਸ ਲੈਣ ਲਈ ਸ਼ੁੱਕਰਵਾਰ ਨੂੰ ਪੰਜਾਬ ਵਿਧਾਨ ਸਭਾ ਵਿੱਚ ਮਤਾ ਪੇਸ਼ ਕਰੇਗੀ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਪੁਲਿਸ ਸੂਬੇ ਦੇ ਹਿੱਤਾਂ ਦੀ ਰਾਖੀ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ। ਭਗਵੰਤ ਸਿੰਘ ਮਾਨ ਨੇ ਕਿਹਾ, "ਜੇਕਰ ਪੰਜਾਬੀ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰ ਸਕਦੇ ਹਨ ਤਾਂ ਉਹ ਆਪਣੇ ਡੈਮਾਂ ਦੀ ਰਾਖੀ ਵੀ ਕਰ ਸਕਦੇ ਹਨ।"

ਮੁੱਖ ਮੰਤਰੀ ਨੇ ਤਿੱਖੀ ਸਿਆਸੀ ਚੋਟ ਕਰਦਿਆਂ ਭਾਜਪਾ ਆਗੂ ਸੁਨੀਲ ਜਾਖੜ ਨੂੰ ਸਲਾਹ ਦਿੱਤੀ ਕਿ ਉਹ ਹੋਰ ਮੁੱਦਿਆਂ 'ਤੇ ਟਿੱਪਣੀ ਕਰਨ ਦੀ ਬਜਾਏ ਆਪਣੀ ਪਾਰਟੀ ਅਤੇ ਅਹੁਦੇ ਨੂੰ ਬਚਾਉਣ 'ਤੇ ਧਿਆਨ ਦੇਣ। ਉਨ੍ਹਾਂ ਕਿਹਾ ਕੀਤੀ ਕਿ ਸਾਬਕਾ ਕਾਂਗਰਸੀ ਆਗੂ, ਜੋ ਹੁਣ ਭਾਜਪਾ ਵਿੱਚ ਹਨ, ਲੁਧਿਆਣਾ ਜ਼ਿਮਨੀ ਚੋਣ ਵਿੱਚ ਭਗਵਾਂ ਪਾਰਟੀ ਦੀ ਹਾਰ ਤੋਂ ਬੁਰੀ ਤਰ੍ਹਾਂ ਘਬਰਾ ਗਏ ਹਨ। ਭਗਵੰਤ ਸਿੰਘ ਮਾਨ ਨੇ ਅਜਿਹੇ ਆਗੂਆਂ ਦੇ ਵਾਰ-ਵਾਰ ਵਫ਼ਾਦਾਰੀ ਬਦਲਣ ਅਤੇ ਪੰਜਾਬ ਦੇ ਲੋਕਾਂ ਦੇ ਸਰੋਕਾਰਾਂ ਪ੍ਰਤੀ ਵੀ ਵਫਾਦਾਰ ਨਾ ਰਹਿਣ ਦੀ ਸਖ਼ਤ ਆਲੋਚਨਾ ਕੀਤੀ।

ਪੰਜਾਬ ਪੁਲਿਸ ਵਿੱਚ ਸੁਧਾਰਾਂ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੁਲਿਸ ਵਿੱਚ ਮਨੁੱਖੀ ਸ਼ਕਤੀ ਅਤੇ ਸਰੋਤਾਂ ਨੂੰ ਵਧਾਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ ਜਦਕਿ ਸਾਲਾਂ ਤੋਂ ਪੁਲਿਸ ਦੀ ਨਫ਼ਰੀ ਵਿੱਚ ਵਾਧਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਰਕਾਰ ਫੋਰਸ ਨੂੰ ਹੋਰ ਮਜ਼ਬੂਤ ਕਰਨ ਅਤੇ ਇਸ ਦੀ ਮਾਣਮੱਤੀ ਵਿਰਾਸਤ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੂਬੇ ਅਤੇ ਇਸ ਦੇ ਲੋਕਾਂ ਦੇ ਵਡੇਰੇ ਹਿੱਤ ਵਿੱਚ ਸਰਕਾਰ ਦਾ ਫਰਜ਼ ਬਣਦਾ ਹੈ।

ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਸਰਕਾਰ ਵਿਧਾਨ ਸਭਾ ਇਜਲਾਸ ਦੌਰਾਨ ਕਾਂਗਰਸੀ ਆਗੂ ਸਮੇਤ ਵਿਰੋਧੀ ਧਿਰ ਦੇ ਆਗੂਆਂ ਦੇ "ਦੋਗਲੇ ਕਿਰਦਾਰ" ਦਾ ਪਰਦਾਫਾਸ਼ ਕਰੇਗੀ। ਉਨ੍ਹਾਂ ਨੇ ਜਾਖੜ ਅਤੇ ਬਾਜਵਾ ਵਰਗੇ ਆਗੂਆਂ 'ਤੇ ਬੇਹੂਦੇ ਮੁੱਦੇ ਉਠਾਉਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਇਨ੍ਹਾਂ ਨੂੰ ਸੱਤਾ ਵਿੱਚ ਰਹਿੰਦੇ ਸਮੇਂ ਸੂਬੇ ਦੀ ਰੱਤੀ ਭਰ ਵੀ ਪ੍ਰਵਾਹ ਨਹੀਂ ਸੀ।

ਨਸ਼ਿਆਂ ਨਾਲ ਸਬੰਧਤ ਮੁੱਦੇ 'ਤੇ ਬੋਲਦਿਆਂ ਭਗਵੰਤ ਸਿੰਘ ਮਾਨ ਨੇ ਸੂਬੇ ਵਿੱਚ ਨਸ਼ਿਆਂ ਦੇ ਕਾਰੋਬਾਰ ਦੇ ਪੈਰ ਪਸਾਰਨ ਲਈ ਅਕਾਲੀਆਂ ਦੇ ਸ਼ਾਸਨ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ 'ਚਿੱਟਾ' (ਸਿੰਥੈਟਿਕ ਡਰੱਗਜ਼) ਰੈਕੇਟ ਦਾ ਸਰਗਨਾ ਇਸ ਸਮੇਂ ਨਾਭਾ ਜੇਲ੍ਹ ਵਿੱਚ ਬੰਦ ਹੈ ਅਤੇ ਜ਼ਿੰਮੇਵਾਰ ਲੋਕਾਂ ਨੂੰ ਅਜਿਹੇ ਕੰਮਾਂ ਲਈ ਕਾਨੂੰਨੀ ਤੌਰ 'ਤੇ ਨਤੀਜੇ ਭੁਗਤਣੇ ਪੈਣਗੇ।

ਮੁੱਖ ਮੰਤਰੀ ਨੇ ਕੁਝ ਕਿਸਾਨ ਯੂਨੀਅਨਾਂ ਦੀ ਆਲੋਚਨਾ ਕਰਦਿਆਂ ਦੋਸ਼ ਲਾਇਆ ਕਿ ਇਹ ਆਗੂ ਹੁਣ ਸਹੀ ਅਰਥਾਂ ਵਿੱਚ ਕਿਸਾਨੀ ਨਾਲ ਜੁੜੇ ਲੋਕਾਂ ਦੇ ਹਿੱਤਾਂ ਦੀ ਨੁਮਾਇੰਦਗੀ ਨਹੀਂ ਕਰਦੇ ਸਗੋਂ ਇਸ ਦੀ ਬਜਾਏ ਇਹ ਯੂਨੀਅਨਾਂ ਆਪਣੀ ਖੁਦ ਦੀ ਸੇਵਾ ਕਰਨ ਵਾਲੀਆਂ ਸੰਸਥਾਵਾਂ ਬਣ ਗਏ ਹਨ। ਉਨ੍ਹਾਂ ਨੇ ਪ੍ਰਸਤਾਵਿਤ ਲੈਂਡ ਪੂਲਿੰਗ ਨੀਤੀ ਰਾਹੀਂ ਗੈਰ-ਕਾਨੂੰਨੀ ਕਲੋਨੀਆਂ ਦੇ ਰੁਝਾਨ ਨੂੰ ਰੋਕਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪਣੇ ਆਪ ਨੂੰ ਕਿਸਾਨ ਆਗੂ ਕਹਾਉਂਦੇ ਇਹ ਲੋਕ ਇਸ ਮੁੱਦੇ 'ਤੇ ਆਮ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

# ਸਰੀ ਵਿਚ ਕਪਿਲ ਸ਼ਰਮਾ ਦੇ ਕੈਫੇ 'ਤੇ ਗੋਲੀਬਾਰੀ




**ਵਿਨੀਪੈਗ:** ਕਾਮੇਡੀਅਨ ਕਪਿਲ ਸ਼ਰਮਾ ਤੇ ਉਨ੍ਹਾਂ ਦੀ ਪਤਨੀ ਗਿੰਨੀ ਚਤਰਥ ਵੱਲੋਂ ਪਿਛਲੇ ਦਿਨੀਂ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿਚ ਸ਼ੁਰੂ ਕੀਤੇ ਨਵੇਂ 'Kap's Cafe' 'ਤੇ ਲੰਘੀ ਰਾਤ ਅਣਪਛਾਤੇ ਹਮਲਾਵਰਾਂ ਨੇ ਫਾਇਰਿੰਗ ਕੀਤੀ ਹੈ।

ਘਟਨਾ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਹੈ ਜਿਸ ਵਿੱਚ ਇੱਕ ਵਿਅਕਤੀ ਕਾਰ ਦੇ ਅੰਦਰੋਂ ਪਿਸਤੌਲ ਨਾਲ ਗੋਲੀ ਚਲਾਉਂਦਾ ਦਿਖਾਈ ਦੇ ਰਿਹਾ ਹੈ। ਹਾਲਾਂਕਿ, ਇਹ ਸਪਸ਼ਟ ਨਹੀਂ ਕਿ ਹਮਲਾ ਸਿੱਧਾ ਕੈਫ਼ੇ ਜਾਂ ਕਪਿਲ ਸ਼ਰਮਾ ਨੂੰ ਨਿਸ਼ਾਨਾ ਬਣਾਉਣ ਲਈ ਸੀ ਜਾਂ ਨਹੀਂ। ਇਹ ਕਪਿਲ ਦਾ ਪਹਿਲਾ ਕੈਫ਼ੇ ਹੈ, ਜਿਸ ਰਾਹੀਂ ਉਸ ਨੇ ਰੈਸਟੋਰੈਂਟ ਇੰਡਸਟਰੀ ਵਿੱਚ ਕਦਮ ਰੱਖਿਆ। ਪਿਛਲੇ ਦਿਨੀਂ ਉਦਘਾਟਨ ਸਮੇਂ ਕਈ ਸੈਲੀਬ੍ਰਿਟੀਜ਼ ਨੇ ਕਪਿਲ ਨੂੰ ਵਧਾਈ ਦਿੱਤੀ ਸੀ ਅਤੇ ਲੋਕਾਂ ਨੇ ਕੈਫ਼ੇ ਦੀ ਖ਼ੂਬ ਪ੍ਰਸ਼ੰਸਾ ਕੀਤੀ।

ਕਪਿਲ ਸ਼ਰਮਾ ਨੇ ਅਜੇ ਕੁਝ ਦਿਨ ਪਹਿਲਾਂ ਹੀ ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਕੈਨੇਡਾ ਦੇ ਸਰੀ ਸ਼ਹਿਰ 'ਚ ਆਪਣੀ ਪਤਨੀ ਗਿੰਨੀ ਨਾਲ ਮਿਲ ਕੇ 'ਕੈਪਜ਼ ਕੈਫ਼ੇ' ਨਾਂ ਦਾ ਰੈਸਟੋਰੈਂਟ ਖੋਲ੍ਹਿਆ ਸੀ। ਸੋਸ਼ਲ ਮੀਡੀਆ ਉਪਰ ਰੈਸਟੋਰੈਂਟ ਖੋਲ੍ਹਣ ਦੀ ਖ਼ੁਸ਼ੀ ਸਾਂਝੀ ਕਰਨ ਵਾਲੀ ਇਕ ਵੀਡੀਓ ਲੋਕਾਂ ਦਾ ਧਿਆਨ ਖਿੱਚ ਹੀ ਰਹੀ ਸੀ ਕਿ 9 ਜੁਲਾਈ ਦੀ ਰਾਤ ਕਰੀਬ 2 ਵਜੇ ਦੇ ਕਰੀਬ ਇਹ ਗੋਲ਼ੀਬਾਰੀ ਦੀ ਘਟਨਾ ਵਾਪਰ ਗਈ। ਇਸ ਘਟਨਾ 'ਚ ਕਿਸੇ ਦੇ ਜ਼ਖ਼ਮੀ ਹੋਣ ਜਾਂ ਕੋਈ ਜਾਨੀ ਨੁਕਸਾਨ ਹੋਣ ਦੀ ਕੋਈ ਸੂਚਨਾ ਨਹੀਂ ਹੈ ਭਾਵੇਂ ਕਿ ਗੋਲ਼ੀਬਾਰੀ ਸਮੇਂ ਸਟਾਫ਼ ਕੈਫ਼ੇ ਅੰਦਰ ਮੌਜੂਦ ਸੀ। ਮੌਕੇ 'ਤੇ ਪੁੱਜੀਆਂ ਪੁਲੀਸ ਟੀਮਾਂ ਵੱਲੋਂ ਸੀਸੀ ਟੀਵੀ ਕੈਮਰਿਆਂ ਨੂੰ ਖੰਘਾਲਿਆ ਜਾ ਰਿਹਾ ਹੈ। ਇਸ ਘਟਨਾ ਸਬੰਧੀ ਇੱਕ ਵੀਡੀਓ ਵੀ ਵਾਇਰਲ ਹੋ ਰਹੀ ਹੈ, ਜਿਸ ਵਿਚ ਕਾਰ ਵਿਚ ਬੈਠਾ ਅਣਪਛਾਤਾ ਵਿਅਕਤੀ ਰੈਸਟੋਰੈਂਟ ਉਪਰ ਫਾਇਰਿੰਗ ਕਰ ਰਿਹਾ ਹੈ।

ਇਸੇ ਦੌਰਾਨ ਸੋਸ਼ਲ ਮੀਡੀਆ ਉਪਰ ਬੱਬਰ ਖ਼ਾਲਸਾ ਇੰਟਰਨੈਸ਼ਨਲ ਨਾਲ ਸਬੰਧਤ ਹਰਜੀਤ ਸਿੰਘ ਲਾਡੀ ਵੱਲੋਂ ਗੋਲੀਬਾਰੀ ਦੀ ਜ਼ਿੰਮੇਵਾਰੀ ਲਈ ਗਈ ਹੈ। ਉਹ ਇਸ ਵੇਲੇ ਜਰਮਨੀ ਵਿਚ ਰਹਿ ਰਿਹਾ ਹੈ ਤੇ ਪੰਜਾਬ ਵਿਚ ਅਪਰੈਲ 2024 ਵਿਚ ਵਿਕਾਸ ਪ੍ਰਭਾਕਰ ਨਾਮ ਦੇ ਵਿਅਕਤੀ ਦੇ ਕਤਲ ਦੇ ਦੋਸ਼ਾਂ ਹੇਠ ਪੁਲੀਸ ਨੂੰ ਲੋੜੀਂਦਾ ਹੈ। ਉਹ ਭਾਰਤੀ ਕੌਮੀ ਜਾਂਚ ਏਜੰਸੀ (ਐਨਆਈਏ) ਵੱਲੋਂ ਜਾਰੀ ਲੋੜੀਂਦੇ ਦਹਿਸ਼ਤਗਰਦਾਂ ਦੀ ਸੂਚੀ ਵਿਚ ਵੀ ਸ਼ਾਮਲ ਹੈ। ਬੱਬਰ ਖ਼ਾਲਸਾ ਜਥੇਬੰਦੀ ਨੂੰ ਕੈਨੇਡਾ ਸਰਕਾਰ ਵੱਲੋਂ ਸਾਲ 2023 ਵਿਚ ਦਹਿਸ਼ਤੀ ਜਥੇਬੰਦੀ ਐਲਾਨਿਆ ਗਿਆ ਹੈ। ਇਸੇ ਦੌਰਾਨ ਵਿਦੇਸ਼ਾਂ ਵਿਚ ਖ਼ਾਲਿਸਤਾਨ ਮੁਹਿੰਮ ਚਲਾ ਰਹੇ ਸਿਖਸ ਫ਼ਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਨੇ ਇਸ ਗੋਲ਼ੀਬਾਰੀ ਦੀ ਘਟਨਾ ਨੂੰ ਅਤਿਵਾਦ ਨਾਲ ਜੋੜਦਿਆਂ ਖ਼ਾਲਿਸਤਾਨ ਲਹਿਰ ਖ਼ਿਲਾਫ਼ ਸਾਜ਼ਿਸ਼ ਤੇ ਭਾਰਤੀ ਮੀਡੀਆ ਵੱਲੋਂ ਫੈਲਾਇਆ ਜਾ ਰਿਹਾ ਝੂਠ ਕਰਾਰ ਦਿੱਤਾ ਹੈ।

# ਲੁੱਟ-ਖੋਹ ਕਰਨ ਵਾਲੇ ਗਰੋਹ ਦੇ ਪੰਜ ਮੈਂਬਰ ਕਾਬੂ



**ਵੈਨਕੂਵਰ:** ਪੀਲ ਪੁਲੀਸ ਦੀ ਵਿਸ਼ੇਸ਼ ਟੀਮ ਨੇ ਸੋਸ਼ਲ ਮੀਡੀਆ 'ਤੇ ਸਾਂਝ ਬਣਾਉਣ ਤੋਂ ਬਾਅਦ ਸੁੰਨਸਾਨ ਥਾਂ 'ਤੇ ਸੱਦ ਕੇ ਹਥਿਆਰਾਂ ਦੀ ਨੋਕ 'ਤੇ ਲੁੱਟ-ਖੋਹ ਕਰਨ ਤੇ ਫਿਰੌਤੀ ਮੰਗਣ ਵਾਲੇ ਗਰੋਹ ਦੇ ਪੰਜ ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿਚ ਦੋ ਨਾਬਾਲਗ ਵੀ ਸ਼ਾਮਲ ਹਨ। ਗਰੋਹ ਦੇ ਸਰਗਣੇ ਦੀ ਭਾਲ ਜਾਰੀ ਹੈ।

ਵੱਖ ਵੱਖ ਦੋਸ਼ਾਂ ਅਧੀਨ ਹਿਰਾਸਤ ਵਿੱਚ ਲਏ ਮੁਲਜ਼ਮਾਂ ਦੀ ਪਛਾਣ ਹਰਦਿਲ ਸਿੰਘ ਮਹਿਰੋਕ, ਰਿਧਮਪ੍ਰੀਤ ਸਿੰਘ ਤੇ ਅਭਿਜੋਤ ਸਿੰਘ ਵਜੋਂ ਕੀਤੀ ਗਈ ਹੈ, ਜਦ ਕਿ ਗਰੋਹ ਦੇ ਸਰਗਨੇ ਪ੍ਰੀਤਪਾਲ ਕੂਨਰ ਦੀ ਭਾਲ ਕੀਤੀ ਜਾ ਰਹੀ ਹੈ। ਨਾਬਾਲਗਾਂ ਦੀ ਪਛਾਣ ਜਨਤਕ ਕੀਤੇ ਜਾਣ 'ਤੇ ਪਾਬੰਦੀ ਹੈ।

ਪੁਲੀਸ ਬੁਲਾਰੇ ਨੇ ਦੱਸਿਆ ਕਿ ਇਹ ਲੋਕ ਆਪਣੇ ਭਾਈਚਾਰੇ ਦੇ ਲੋਕਾਂ ਨਾਲ ਪਹਿਲਾਂ ਸੋਸ਼ਲ ਮੀਡੀਆ 'ਤੇ ਸਾਂਝ ਪਾਉਂਦੇ ਸਨ ਤੇ ਮਗਰੋਂ ਉਨ੍ਹਾਂ ਨੂੰ ਸਬਜ਼ਬਾਗ ਵਿਖਾ ਕੇ ਕਿਸੇ ਇਕਾਂਤ ਥਾਂ 'ਤੇ ਸੱਦ ਕੇ ਹਥਿਆਰਾਂ ਦੀ ਨੋਕ 'ਤੇ ਲੁੱਟ-ਖੋਹ ਕਰਦੇ ਸਨ। ਅਪਰੈਲ ਤੇ ਮਈ ਮਹੀਨੇ ਦੌਰਾਨ ਇਸ ਗਰੋਹ ਵੱਲੋਂ ਅਜਿਹੀਆਂ ਕਈ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ। ਪੁਲੀਸ ਨੇ ਇਨ੍ਹਾਂ ਨੂੰ ਫੜਨ ਲਈ ਵਿਸ਼ੇਸ਼ ਟੀਮ ਬਣਾਈ ਸੀ। ਗਰੋਹ ਦੇ ਸਰਗਨੇ ਦੀ ਭਾਲ ਅਜੇ ਜਾਰੀ ਹੈ। ਪੁਲੀਸ ਨੇ ਗਰੋਹ ਦਾ ਸ਼ਿਕਾਰ ਬਣੇ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਹੈ।

# PUNJABI JOURNAL

SW MEDIA GROUP

Volume: 18, Issue: 27 || Ph: 778-957-3646 || Friday, July 11, 2025


# ਸੀ ਐਮ ਮਾਨ ਨੇ ਐਸ ਵਾਈ ਐਲ ਦੇ ਮੁੱਦੇ ’ਤੇ ਨਵਾਂ ਫਾਰਮੂਲਾ ਦਿੱਤਾ

**ਚੰਡੀਗੜ੍ਹ:** ਸਤਲੁਜ ਯਮੁਨਾ ਲਿੰਕ (ਐੱਸਵਾਈਐੱਲ) ਨਹਿਰ ਦੀ ਉਸਾਰੀ ਦੇ ਮੁੱਦੇ ’ਤੇ ਚੌਥੇ ਗੇੜ ਦੀ ਵਿਚੋਲਗੀ ਵਾਰਤਾ ਦਿੱਲੀ ਵਿੱਚ ਕਾਫੀ ਸੁਖਾਵੇਂ ਮਾਹੌਲ ’ਚ ਹੋਈ, ਜਿਸ ਵਿੱਚ ਕੇਂਦਰੀ ਜਲ ਸ਼ਕਤੀ ਮੰਤਰੀ ਸੀਆਰ ਪਾਟਿਲ ਦੀ ਅਗਵਾਈ ਹੇਠ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸ਼ਾਮਲ ਹੋਏ। ਕਰੀਬ ਡੇਢ ਘੰਟਾ ਚੱਲੀ ਇਸ ਮੀਟਿੰਗ ਵਿੱਚ ਕੋਈ ਠੋਸ ਨਤੀਜਾ ਤਾਂ ਸਾਹਮਣੇ ਨਹੀਂ ਆਇਆ ਪ੍ਰੰਤੂ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ ’ਤੇ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿੱਚ ਸੁੱਟ ਦਿੱਤੀ ਹੈ। ਪੰਜਾਬ ਤੇ ਹਰਿਆਣਾ ਵਿਚਾਲੇ ਅਗਲੀ ਮੀਟਿੰਗ ਹੁਣ 5 ਅਗਸਤ ਨੂੰ ਹੋਵੇਗੀ।



ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਮਗਰੋਂ ਕਿਹਾ ਕਿ ਨਹਿਰ ਦੀ ਉਸਾਰੀ ਨਹੀਂ ਹੋਵੇਗੀ ਅਤੇ ‘ਆਪ’ ਸਰਕਾਰ ਪੰਜਾਬ ਦਾ ਹੱਕ ਨਹੀਂ ਜਾਣ ਦੇਵੇਗੀ। ਇਸ ਤੋਂ ਪਹਿਲਾਂ ਮਾਨ ਨੇ ਮੀਟਿੰਗ ਵਿੱਚ ਪੁਰਾਣਾ ਸਟੈਂਡ ਦੁਹਰਾਉਂਦਿਆਂ ਕੇਂਦਰ ਨੂੰ ਅਪੀਲ ਕੀਤੀ ਕਿ ਵਰ੍ਹਿਆਂ ਤੋਂ ਚੱਲ ਰਹੇ ਝਗੜੇ ਦਾ ਨਿਬੇੜਾ ਕੀਤਾ ਜਾਵੇ ਅਤੇ ਉਨ੍ਹਾਂ ਕੇਂਦਰ ਅੱਗੇ ਇੱਕ ਫਾਰਮੂਲਾ ਵੀ ਪੇਸ਼ ਕੀਤਾ, ਜਿਸ ਨੂੰ ਪਾਣੀਆਂ ਦੇ ਮੁੱਦੇ ’ਤੇ ਚੱਲ ਰਹੇ ਵਿਵਾਦ ਦੇ ਖ਼ਾਤਮੇ ਦੀ ਦਵਾਈ ਦੱਸਿਆ। ਮੁੱਖ ਮੰਤਰੀ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਹੁਣ ਤੱਕ ਇਸ ਮਾਮਲੇ ’ਤੇ ਸਿਰਫ਼ ਸਿਆਸਤ ਹੁੰਦੀ ਰਹੀ ਹੈ ਪ੍ਰੰਤੂ ਹੁਣ ਉਹ ਹੱਲ ਚਾਹੁੰਦੇ ਹਨ। ਚੇਤੇ ਰਹੇ ਕਿ ਸੁਪਰੀਮ ਕੋਰਟ ਦੇ ਨਿਰਦੇਸ਼ਾਂ ’ਤੇ ਦੋਵੇਂ ਸੂਬਿਆਂ ਦੀ ਮੀਟਿੰਗ ਹੋਈ ਹੈ ਅਤੇ ਮੀਟਿੰਗ ਦਾ ਮਕਸਦ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਨਾਲ ਸਬੰਧਤ ਵਿਵਾਦ ਦਾ ਹੱਲ ਸੀ। ਸੁਪਰੀਮ ਕੋਰਟ ’ਚ ਇਸ ਮਾਮਲੇ ਦੀ ਅਗਲੀ ਸੁਣਵਾਈ 13 ਅਗਸਤ ਨੂੰ ਹੋਣੀ ਹੈ, ਜਿਸ ਵਿੱਚ ਇਸ ਮੀਟਿੰਗ ਦੇ ਨਤੀਜਿਆਂ ਬਾਰੇ ਰਿਪੋਰਟ ਪੇਸ਼ ਕੀਤੀ ਜਾਵੇਗੀ। ਮੁੱਖ ਮੰਤਰੀ ਭਗਵੰਤ ਮਾਨ ਅੱਜ ਪੂਰੀ ਤਿਆਰੀ ਨਾਲ ਗਏ ਸਨ ਜਿਨ੍ਹਾਂ ਨੇ ਦੋ ਟੁਕ ਲਫ਼ਜ਼ਾਂ ’ਚ ਆਖ ਦਿੱਤਾ ਕਿ ਪੰਜਾਬ ਕੋਲ ਨਾ ਤਾਂ ਫ਼ਾਲਤੂ ਪਾਣੀ ਹੈ ਅਤੇ ਨਾ ਹੀ ਜ਼ਮੀਨ ਹੈ, ਜਿਸ ਕਰ ਕੇ ਐੱਸਆਈਐੱਲ ਦੀ ਉਸਾਰੀ ਦਾ ਤਾਂ ਸਵਾਲ ਹੀ ਨਹੀਂ ਉੱਠਦਾ

ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਹਰਿਆਣਾ ਤੇ ਕੇਂਦਰ ਨੂੰ ਘੇਰ ਲਿਆ। ਭਗਵੰਤ ਮਾਨ ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਦੇ ਹਵਾਲੇ ਨਾਲ ਕਿਹਾ ਕਿ ਐੱਸਵਾਈਐੱਲ ਦੀ ਉਸਾਰੀ ਦਾ ਬਦਲ ਸੁਝਾਏ ਜਾਣ ਦੀ ਗੱਲ ਕਹੀ ਗਈ ਹੈ। ਮੁੱਖ ਮੰਤਰੀ ਮਾਨ ਨੇ ਕੇਂਦਰੀ ਜਲ ਸ਼ਕਤੀ ਮੰਤਰੀ ਸੀਆਰ ਪਾਟਿਲ ਨੂੰ ਸੁਝਾਅਨੁਮਾ ਫਾਰਮੂਲਾ ਦਿੱਤਾ ਕਿ ਸਿੰਧੂ ਜਲ ਸੰਧੀ ਨੂੰ ਮੁਅੱਤਲ ਕੀਤੇ ਜਾਣ ਮਗਰੋਂ ਹੁਣ ਭਾਰਤ ਸਰਕਾਰ ਪੱਛਮੀ ਦਰਿਆਵਾਂ ਦਾ ਪਾਣੀ ਪੰਜਾਬ ਨੂੰ ਦੇਣ ਦੀ ਤਜਵੀਜ਼ ’ਤੇ ਤੇਜ਼ੀ ਨਾਲ ਕੰਮ ਕਰੇ। ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਪਹਿਲਾਂ ਪੱਛਮੀ ਦਰਿਆਵਾਂ (ਇੰਡਸ, ਜੇਹਲਮ ਤੇ ਚਨਾਬ) ਦਾ ਪਾਣੀ ਪੰਜਾਬ ਦੇ ਡੈਮਾਂ ਨੂੰ ਦੇਵੇ ਅਤੇ ਉਸ ਮਗਰੋਂ ਪੰਜਾਬ ਆਪਣੀਆਂ ਲੋੜਾਂ ਦੀ ਪੂਰਤੀ ਕਰੇਗੀ।

ਜੇ ਫ਼ਾਲਤੂ ਪਾਣੀ ਬਚੇਗਾ ਤਾਂ ਉਹ ਬਾਕੀਆਂ ਨੂੰ ਦੇ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੱਛਮੀ ਦਰਿਆਵਾਂ ਦੇ ਪਾਣੀ ਦੀ ਵੰਡ ’ਚ ਪੰਜਾਬ ਨੂੰ ਪਹਿਲ ਦੇ ਆਧਾਰ ’ਤੇ ਪਾਣੀ ਦਾ ਹਿੱਸਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਨੂੰ ਅਮਲ ’ਚ ਲਿਆਉਣ ਨਾਲ ਸਾਰੇ ਪੁਰਾਣੇ ਝਗੜੇ ਖ਼ਤਮ ਹੋ ਜਾਣਗੇ। ਅੱਜ ਦੀ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਸਕੱਤਰ ਕੇਏਪੀ ਸਿਨਹਾ, ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਰਵੀ ਭਗਤ ਤੋਂ ਇਲਾਵਾ ਜਲ ਸਰੋਤ ਵਿਭਾਗ ਦੇ ਸੀਨੀਅਰ ਅਧਿਕਾਰੀ ਵੀ ਸ਼ਾਮਲ ਸਨ। ਹਰਿਆਣਾ ਦੇ ਅਧਿਕਾਰੀਆਂ ਦੀ ਟੀਮ ਵੀ ਇਸ ਮੌਕੇ ਮੌਜੂਦ ਸੀ।

# ਗੁਰੂ ਨਾਨਕ ਫੂਡ ਬੈਂਕ ਵਿਚ ਦਾਨੀਆਂ ਨੇ 216 ਟਨ ਫੂਡ ਦਾਨ ਕੀਤਾ



**ਸਰੀ:** ਗੁਰੂ ਨਾਨਕ ਫੂਡ ਬੈਂਕ ਵੱਲੋਂ ਆਪਣੀ ਪੰਜਵੀਂ ਵਰ੍ਹੇਗੰਢ ਮੌਕੇ ‘ਮੈਗਾ ਫੂਡ ਡਰਾਈਵ’ ਕੀਤਾ ਗਿਆ ਜਿਸ ਵਿਚ ਦਾਨੀਆਂ ਨੇ ਭਰਵਾਂ ਹੁੰਗਾਰਾ ਦਿੱਤਾ। ਇਸ ਮੈਗਾ ਡਰਾਈਵ ਦੌਰਾਨ 216 ਟਨ ਤੋਂ ਵੱਧ ਫੂਡ ਇਕੱਠਾ ਕੀਤਾ ਗਿਆ।

ਫੂਡ ਡਰਾਈਵ ਵਿਚ ਸ਼ਾਮਲ ਹੋ ਕੇ ਕਈ ਸਥਾਨਕ ਰਾਜਨੀਤਕ ਆਗੂਆਂ ਅਤੇ ਉੱਘੀਆਂ ਸ਼ਖ਼ਸੀਅਤਾਂ ਨੇ ਭਾਈਚਾਰੇ ਦੇ ਦਾਨੀ ਸੱਜਣਾਂ ਨੂੰ ਉਤਸ਼ਾਹਿਤ ਕੀਤਾ ਤੇ ਵਲੰਟੀਅਰਾਂ ਦੀ ਹੌਸਲਾ ਅਫਜ਼ਾਈ ਕੀਤੀ। 100 ਤੋਂ ਵਧੇਰੇ ਸਕੂਲੀ ਵਿਦਿਆਰਥੀਆਂ ਨੇ ਫੂਡ ਡਰਾਈਵ ਦੌਰਾਨ ਸਾਰਾ ਦਿਨ ਬਤੌਰ ਵਲੰਟੀਅਰ ਸੇਵਾ ਨਿਭਾਈ। ਬੇਸ਼ੱਕ ਦਾਨ ਪਿਛਲੇ ਸਾਲ ਦੇ ਰਿਕਾਰਡ-ਤੋੜ 384.5 ਟਨ ਦੇ ਮੁਕਾਬਲੇ ਘੱਟ ਰਿਹਾ ਪਰ ਗੁਰੂ ਨਾਨਕ ਫੂਡ ਬੈਂਕ ਸਮਝਦਾ ਹੈ ਕਿ ਕੈਨੇਡੀਅਨ ਲੋਕ ਮੌਜੂਦਾ ਔਖੇ ਸਮੇਂ ਵਿੱਚੋਂ ਲੰਘ ਰਹੇ ਹਨ। ਆਰਥਿਕ ਮੰਦੀ ਦੇ ਬਾਵਜੂਦ ਭਾਈਚਾਰੇ ਵੱਲੋਂ ਸੇਵਾ ਤੇ ਦਾਨ ਲਈ ਅੱਗੇ ਆਉਣਾ ਬਹੁਤ ਹੀ ਸ਼ਲਾਘਾਯੋਗ ਹੈ।

ਗੁਰੂ ਨਾਨਕ ਫੂਡ ਬੈਂਕ ਵੱਲੋਂ ਪਿਛਲੇ ਪੰਜ ਸਾਲਾਂ ਵਿੱਚ ਯੋਗਦਾਨ ਪਾਉਣ ਵਾਲੇ 72,000 ਵਲੰਟੀਅਰ ਘੰਟਿਆਂ ਦੇ ਇੱਕ ਸ਼ਾਨਦਾਰ ਮੀਲ ਪੱਥਰ ਦਾ ਜਸ਼ਨ ਵੀ ਮਨਾਇਆ। 11 ਸਾਲਾ ਲਕਸ਼ ਦੀਆਂ ਸੇਵਾਵਾਂ ਦੀ ਜ਼ੋਰਦਾਰ ਸ਼ਲਾਘਾ ਕੀਤੀ ਗਈ ਜਿਸ ਨੇ 1 ਜੁਲਾਈ, 2020 ਨੂੰ ਗੁਰੂ ਨਾਨਕ ਫੂਡ ਬੈਂਕ ਨਾਲ ਸਵੈ-ਸੇਵਾ ਸ਼ੁਰੂ ਕੀਤੀ ਸੀ ਅਤੇ ਹੁਣ ਤੱਕ ਬਤੌਰ ਵਲੰਟੀਅਰ 2,765 ਘੰਟੇ ਪੂਰੇ ਕਰ ਲਏ ਹਨ। ਇਹ ਸਮਰਪਣ ਅਤੇ ਭਾਈਚਾਰਕ ਸੇਵਾ ਦੀ ਇੱਕ ਸ਼ਾਨਦਾਰ ਮਿਸਾਲ ਹੈ। ਪ੍ਰਬੰਧਕਾਂ ਵੱਲੋਂ ਫੂਡ ਡਰਾਈਵ ਦੀ ਸਫਲਤਾ ਲਈ ਸਾਰੇ ਵਲੰਟੀਅਰਾਂ, ਸਮਰਥਕਾਂ ਅਤੇ ਦਾਨੀਆਂ ਦਾ ਧੰਨਵਾਦ ਕੀਤਾ ਗਿਆ।


WCC
WESTERN
COMMUNITY
COLLEGE



JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE
IN 52 WEEKS

AVIATION
EARN YOUR
PPL & CPL

PHARMACY
TECHNICIAN
HIGH-DEMAND,
HIGH-PAYING FIELD

APPLY NOW: WCC.CA

# ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ ਵੱਲੋਂ ਕਨੇਡਾ-ਡੇ ਸਮਾਗਮ

**ਸਰੀ** (ਹਰਦਮ ਮਾਨ) ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ ਵੱਲੋਂ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਮੌਕੇ ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਏ ਸਮਾਗਮ ਵਿਚ ਕਨੇਡਾ ਦਾ ਝੰਡਾ ਲਹਿਰਾਇਆ ਗਿਆ ਅਤੇ 'ਓ ਕੈਨੇਡਾ' ਦੇ ਸੰਗੀਤ ਨਾਲ ਸਾਰਾ ਹਾਲ ਗੂੰਜ ਉੱਠਿਆ।

ਅਜਮੇਰ ਸਿੰਘ ਵਕੀਲ ਅਤੇ ਬੇਅੰਤ ਸਿੰਘ ਢਿੱਲੋਂ ਨੇ ਕਨੇਡਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਕਵੀ ਦਰਬਾਰ ਵੀ ਹੋਇਆ ਜਿਸ ਵਿਚ ਅਮਰੀਕ ਸਿੰਘ ਲੇਹਲ, ਹਰਚੰਦ ਸਿੰਘ ਗਿੱਲ, ਦਵਿੰਦਰ ਕੌਰ ਜੌਹਲ, ਮਨਜੀਤ ਸਿੰਘ ਮੱਲ੍ਹਾ ਨੇ ਖੂਬ ਰੰਗ ਬੰਨਿਆ। ਸਵ. ਗੁਰਮੇਜ ਸਿੰਘ ਜੌਹਲ ਦੇ ਭਰਾ ਅਮਰਜੀਤ ਸਿੰਘ ਜੌਹਲ ਅਤੇ ਨੂੰਹ ਰਾਣੀ ਕੁਲਵਿੰਦਰ ਕੌਰ ਜੌਹਲ ਅਤੇ ਗੁਰਮੀਤ ਕੌਰ ਜੌਹਲ ਵੱਲੋਂ ਹਰ ਸਾਲ ਦੀ ਤਰ੍ਹਾਂ ਸੀਨੀਅਰ ਸੈਂਟਰ ਵਾਸਤੇ ਚਾਹ ਅਤੇ ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਨਿਭਾਈ। ਅੰਤ ਵਿਚ ਜਨਰਲ ਸਕੱਤਰ ਕਿਰਪਾਲ ਸਿੰਘ ਜੌਹਲ ਨੇ ਸਭਨਾਂ ਮੈਂਬਰਾਂ ਦਾ ਧੰਨਵਾਦ ਕੀਤਾ।





# ਜਗਜੀਤ ਨੌਸ਼ਹਿਰਵੀ ਦੇ ਕਾਵਿ-ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਚਰਚਾ 13 ਨੂੰ




ਹੇਵਰਡ, 7 ਜੁਲਾਈ (ਹਰਦਮ ਮਾਨ)- ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਕੈਲੀਫੋਰਨੀਆ ਵੱਲੋਂ 13 ਜੁਲਾਈ 2025 ਨੂੰ ਹੇਵਰਡ ਵਿਖੇ ਵਿਸ਼ੇਸ਼ ਸਾਹਿਤਕ ਬੈਠਕ ਕੀਤੀ ਜਾ ਰਹੀ ਹੈ ਜਿਸ ਵਿੱਚ ਪੰਜਾਬੀ ਸ਼ਾਇਰ ਜਗਜੀਤ ਨੌਸ਼ਹਿਰਵੀ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਵਿਚਾਰ ਗੋਸ਼ਟੀ ਕੀਤੀ ਜਾਏਗੀ। ਇਹ ਬੈਠਕ ਸੈਫਾਇਰ ਬੈਂਕੁਇਟ ਹਾਲ, 24989 ਵਿੱਚ ਦੁਪਹਿਰ 12 ਵਜੇ ਸ਼ੁਰੂ ਹੋਏਗੀ। ਇਹ ਜਾਣਕਾਰੀ ਦਿੰਦਿਆਂ ਅਕਾਦਮੀ ਦੇ ਪ੍ਰਧਾਨ ਕੁਲਵਿੰਦਰ ਨੇ ਦੱਸਿਆ ਹੈ ਕਿ ਜਗਜੀਤ ਨੌਸ਼ਹਿਰਵੀ ਲੰਮੇਂ ਸਮੇਂ ਤੋਂ ਪੰਜਾਬੀ ਸਾਹਿਤ ਨਾਲ ਜੁੜਿਆ ਹੋਇਆ ਹੈ। ਉਹ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫੋਰਨੀਆ ਦਾ ਮੁੱਢਲਾ ਮੈਂਬਰ ਹੈ ਅਤੇ ਕਈ ਵਰ੍ਹਿਆਂ ਤੋਂ ਇਸ ਦੇ ਜਰਨਲ ਸਕੱਤਰ ਵੱਜੋਂ ਸੇਵਾਵਾਂ ਨਿਭਾਉਂਦਾ ਆ ਰਿਹਾ ਹੈ। 'ਹਾਲ ਉਥਾਈਂ ਕਹੀਏ' ਉਸ ਦਾ ਇਹ ਪਲੇਠਾ ਕਾਵਿ ਸੰਗ੍ਰਹਿ ਹੈ ਜਿਸ ਵਿੱਚ ਗ਼ਜ਼ਲਾਂ, ਗੀਤ ਅਤੇ ਕਵਿਤਾਵਾਂ ਸ਼ਾਮਲ ਹਨ। ਸਾਹਿਤਕ ਹਲਕਿਆਂ ਵਿੱਚ ਇਸ ਕਿਤਾਬ ਦਾ ਵਿਸ਼ੇਸ਼ ਚਰਚਾ ਹੈ। ਵਿਪਸਾਅ ਜਗਜੀਤ ਦੀ ਇਸ ਪ੍ਰਾਪਤੀ 'ਤੇ ਮਾਣ ਕਰਦੀ ਹੈ।

# ਪਰਿੰਦਿਆਂ ਦਾ ਗੀਤ

ਉਹ ਕਦੇ ਖੌਫ ਨਾ ਰੱਖਦੇ, ਥੱਲੇ ਡਿਗਣੇ ਦਾ
ਸ਼ੌਕ ਜਿਹਨਾਂ ਨੂੰ ਮਿੱਤਰੋ, ਉੱਚਾ ਉੱਡਣੇ ਦਾ

****************************

ਰੱਖ ਨਿਸ਼ਾਨੇ ਮੰਜ਼ਿਲਾ ਵੱਲ ਨੂੰ ਤੁਰ ਪੈਂਦੇ
ਹੌਂਸਲਿਆਂ ਦੇ ਖੰਭ ਬਣਾ ਕੇ ਉੱਡ ਪੈਂਦੇ
ਜਿਹਨਾਂ ਨੂੰ ਹੁੰਦਾ ਚਾਅ, ਟਾਈਮ ਤੇ ਪੁੱਜਣੇ ਦਾ
ਉਹ ਕਦੇ ਖੌਫ ਨਾ ਰੱਖਦੇ, ਥੱਲੇ ਡਿਗਣੇ ਦਾ
ਸ਼ੌਕ ਜਿਹਨਾਂ ਨੂੰ ਮਿੱਤਰੋ ,ਉੱਚਾ ਉੱਡਣੇ ਦਾ

*****************************

ਯਾਰ ਜਿਹਨਾਂ ਦੇ, ਪੱਤਣੋ ਪਾਰ ਵਸੇਂਦੇ ਆ
ਦਿਲ ਦੀਆਂ ਤੈਹਾਂ, ਦੇ ਵਿੱਚ,ਸੱਜਣ ਰਹਿੰਦੇ ਆ
ਕਦੇ ਖੌਫ ਨੀ ਰੱਖਦੇ, ਮਿੱਤਰੋ ਡੁੱਬਣੇ ਦਾ
ਉਹ ਕਦੇ ਖੌਫ ਨਾ ਰੱਖਦੇ, ਥੱਲੇ ਡਿਗਣੇ ਦਾ
ਸ਼ੌਕ ਜਿਹਨਾਂ ਨੂੰ ਮਿੱਤਰੋ, ਉੱਚਾ ਉੱਡਣੇ ਦਾ

*****************************

ਸੱਪ ਖੜਪੇ ਡੰਗ ਮਾਰਨੋ, ਹੱਟਦੇ ਨਾ
ਚੁਗਲਖੋਰ ਕਦੇ ਘਰ ਉਜਾੜਨੋ, ਹੱਟਦੇ ਨਾ
ਕੰਡੇ ਰੱਖਦੇ ਸ਼ੌਕ ਪੈਰਾਂ ਵਿੱਚ, ਚੁੱਭਣੇ ਦਾ
ਉਹ ਕਦੇ ਖੌਫ ਨਾ ਰੱਖਦੇ, ਥੱਲੇ ਡਿਗਣੇ ਦਾ
ਸ਼ੌਕ ਜਿਹਨਾਂ ਨੂੰ ਮਿੱਤਰੋ, ਉੱਚਾ ਉੱਡਣੇ ਦਾ

*****************************

ਨੌਹਾਂ ਦੇ ਨਾਲ ਯੋਧੇ ਸੁਰਗਾਂ, ਪੱਟ ਲੈਂਦੇ
ਮਿੱਟੀ ਦੇ ਵਿੱਚ ਦੱਬਿਓ, ਸਿਰੀਆਂ ਚੱਕ ਲੈਂਦੇ
ਡਾਣਸੀਵਾਲੀਆ ਚਾਅ ਜਿਹਨਾਂ ਨੂੰ,ਉੱਗਣੇ ਦਾ
ਉਹ ਕਦੇ ਖੌਫ ਨਾ ਰੱਖਦੇ, ਥੱਲੇ ਡਿਗਣੇ ਦਾ
ਸ਼ੌਕ ਜਿਹਨਾਂ ਨੂੰ ਮਿੱਤਰੋ, ਉੱਚਾ ਉੱਡਣੇ ਦਾ

**ਕੁਲਵੀਰ ਸਿੰਘ ਡਾਨਸੀਵਾਲ**


ANSATEL COMMUNICATIONS

Helping Lower Mainland Businesses Since 1983

Panasonic ideas for life



- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

*Customized Solutions to Suit Your Needs.*

604-872-6500

2148 Kingsway, Vancouver | www.ansatel.com - info@ansatel.com

24/7 SALES & SERVICE

# ਦਹਾਕੇ ’ਚ ਅਪਰਾਧਿਕ ਪਿਛੋਕੜ ਵਾਲੇ 17,600 ਵਿਅਕਤੀ ਕੈਨੇਡਾ ਪੁੱਜੇ




ਕੈਨੇਡਾ ਦੇ ਆਵਾਸ ਵਿਭਾਗ ਨੇ ਬੀਤੇ 10 ਸਾਲਾਂ ਦੌਰਾਨ ਅਪਰਾਧਿਕ ਪਿਛੋਕੜ ਵਾਲੇ 17,600 ਵਿਦੇਸ਼ੀਆਂ ਦੀਆਂ ਕੈਨੇਡਾ ਪੁੱਜਣ ਦੀਆਂ ਅਰਜ਼ੀਆਂ ਸਵੀਕਾਰ ਕੀਤੀਆਂ ਤੇ ਉਨ੍ਹਾਂ ਦਾ ਕੈਨੇਡਾ ਪੁੱਜਣ ’ਤੇ ਸਵਾਗਤ ਕੀਤਾ। ਇਸ ਦਹਾਕੇ ਦੌਰਾਨ ਅਪਰਾਧਿਕ ਪਿਛੋਕੜ ਵਾਲੇ 25,350 ਵਿਅਕਤੀਆਂ ਨੇ ਅਰਜ਼ੀਆਂ ਭਰੀਆਂ, ਜਿਨ੍ਹਾਂ ’ਚੋਂ 10 ਫੀਸਦ ਨੇ ਤਾਂ ਅਰਜ਼ੀਆਂ ਆਪੇ ਵਾਪਸ ਲੈ ਲਈਆਂ, ਜਦ ਕਿ 20 ਫੀਸਦ ਦੀਆਂ ਅਰਜ਼ੀਆਂ ਅਸਵੀਕਾਰ ਕਰਕੇ ਵੱਖ-ਵੱਖ ਵਰਗ ਦੀਆਂ 70 ਫੀਸਦ ਅਰਜ਼ੀਆਂ ਸਵੀਕਾਰ ਕਰ ਲਈਆਂ ਗਈਆਂ। ਅੰਕੜੇ ਜਾਰੀ ਕੀਤੇ ਜਾਣ ਮਗਰੋਂ ਬੀਤੇ 10 ਸਾਲਾਂ ਵਿੱਚ ਦੇਸ਼ ’ਚ ਹੋਏ ਅਪਰਾਧਿਕ ਵਾਧੇ ਨੂੰ ਵੀ ਇਸੇ ਗੱਲ ਨਾਲ ਜੋੜ ਕੇ ਵੇਖਿਆ ਜਾਣ ਲੱਗਾ ਹੈ। ਸੰਪਰਕ ਕਰਨ ’ਤੇ ਆਵਾਸ ਵਿਭਾਗ ਦੇ ਤਰਜਮਾਨ ਰੇਮੀ ਲੈਰੀਵੀਰੇ ਨੇ ਇਹ ਦੱਸਣ ਤੋਂ ਟਾਲਾ ਵੱਟਿਆ ਕਿ ਕੈਨੇਡਾ ਪੁੱਜਣ ’ਤੇ ਇਨ੍ਹਾਂ ’ਚੋਂ ਕਿੰਨਿਆਂ ’ਤੇ ਅਪਰਾਧਿਕ ਮਾਮਲੇ ਦਰਜ ਹੋਏ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਸੁਰੱਖਿਆ ਉਨ੍ਹਾਂ ਦੀ ਪਹਿਲ ਹੈ। ਉਨ੍ਹਾਂ ਕਿਹਾ ਕਿ ਆਵਾਸ ਵਿਭਾਗ ਦੀਆਂ 2001 ਤੋਂ ਅਪਣਾਈਆਂ ਜਾ ਰਹੀਆਂ ਨੀਤੀਆਂ ਅਨੁਸਾਰ ਵੀਜ਼ਾ ਅਧਿਕਾਰੀ ਅਰਜ਼ੀਕਰਤਾ ਨੂੰ ਅਪਰਾਧ ਦੇ ਪੰਜ ਸਾਲ ਬਾਅਦ ਮੁੜ ਵਸੇਬੇ ਦਾ ਲਾਭ ਦਿੰਦਿਆਂ ਅਰਜ਼ੀ ਸਵੀਕਾਰ ਕਰ ਸਕਦਾ ਹੈ।

ਅਜਿਹੇ ਵਿਅਕਤੀਆਂ ਕੋਲੋਂ ਲਿਖਤੀ ਲਿਆ ਜਾਂਦਾ ਹੈ ਕਿ ਉਹ ਕੈਨੇਡਾ ਪਹੁੰਚ ਕੇ ਕਿਸੇ ਵੀ ਗੈਰਕਨੂੰਨੀ ਗਤੀਵਿਧੀ ਵਿੱਚ ਸ਼ਾਮਲ ਨਹੀਂ ਹੋਏਗਾ। ਵਿਭਾਗ ’ਚੋਂ ਸੇਵਾਮੁਕਤ ਹੋਏ ਅਧਿਕਾਰੀ ਨੇ ਕਿਹਾ ਕਿ ਇਸ ਅਹਿਦ ਦੇ ਆਧਾਰ ’ਤੇ ਆਵਾਸ ਵਿਭਾਗ ਗੈਰਕਨੂੰਨੀ ਕੰਮ ਕਰਨ ਵਾਲੇ ਕਿਸੇ ਵੀ ਵਿਦੇਸ਼ੀ ਨੂੰ ਕਦੇ ਵੀ ਉਸ ਦੇ ਦੇਸ਼ ਵਾਪਸ ਭੇਜ (ਡਿਪੋਰਟ) ਸਕਦਾ ਹੈ, ਚਾਹੇ ਉਹ ਪੀਆਰ ਵੀ ਕਿਉਂ ਨਾ ਹੋ ਗਿਆ ਹੋਵੇ।

# ਕਪੜਾ ਵਪਾਰੀ ਵਰਮਾ ਕਤਲ ਕੇਸ ਦੇ 2 ਮਸ਼ਕੂਕ ਪੁਲੀਸ ਮੁਕਾਬਲੇ ’ਚ ਹਲਾਕ



**ਅਬੋਹਰ**: ਅਬੋਹਰ ਦੇ ਕਾਰੋਬਾਰੀ ਸੰਜੈ ਵਰਮਾ ਦੇ ਕਤਲ ਕੇਸ ਦੇ ਦੋ ਮਸ਼ਕੂਕ ਮੁਲਜ਼ਮ ਅਬੋਹਰ ਸ਼ਹਿਰ ਦੇ ਬਾਹਰਵਾਰ ਪੁਲੀਸ ਮੁਕਾਬਲੇ ਵਿੱਚ ਮਾਰੇ ਗਏ। ਮੁਲਜ਼ਮਾਂ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲਿਜਾਇਆ ਜਾ ਰਿਹਾ ਸੀ, ਜਦੋਂ ਉਥੇ ਪਹਿਲਾਂ ਤੋਂ ਮੌਜੂਦ ਇਨ੍ਹਾਂ ਦੇ ਦੋ ਹੋਰ ਸਾਥੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਦੋਵਾਂ ਮੁਲਜ਼ਮਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤੇ ਪੁਲੀਸ ਵੱਲੋਂ ਕੀਤੀ ਜਵਾਬੀ ਗੋਲੀਬਾਰੀ ਵਿਚ ਦੋਵੇਂ ਮੁਲਜ਼ਮ ਮਾਰੇ ਗਏ। ਇਨ੍ਹਾਂ ਦੀ ਪਛਾਣ ਪਟਿਆਲਾ ਦੇ ਰਾਮ ਰਤਨ ਅਤੇ ਮਰਦਾਂਪੁਰ ਦੇ ਜਸਪ੍ਰੀਤ ਸਿੰਘ ਵਜੋਂ ਦੱਸੀ ਗਈ ਹੈ। ਦੋਵਾਂ ਨੂੰ ਪੁਲੀਸ ਨੇ ਬੀਤੀ ਰਾਤ ਗ੍ਰਿਫ਼ਤਾਰ ਕੀਤਾ ਸੀ। ਸੰਜੈ ਵਰਮਾ ’ਤੇ ਗੋਲੀਆਂ ਚਲਾਉਣ ਵਾਲੇ ਤਿੰਨੋਂ ਸ਼ੂਟਰ ਫ਼ਿਲਹਾਲ ਫ਼ਰਾਰ ਹਨ ਤੇ ਪੁਲੀਸ ਵੱਲੋਂ ਉਨ੍ਹਾਂ ਦੀ ਪੈੜ ਨੱਪੀ ਜਾ ਰਹੀ ਹੈ।

ਗ਼ੌਰਤਲਬ ਹੈ ਕਿ ਅਬੋਹਰ ਦੇ ਮਸ਼ਹੂਰ ਨਿਊ ਵੀਅਰ ਵੈੱਲ ਐਂਪੋਰੀਅਮ ਦੇ ਸਹਿ ਮਾਲਕ ਸੰਜੈ ਵਰਮਾ ਦਾ ਸੋਮਵਾਰ ਨੂੰ ਉਸ ਦੇ ਸ਼ੋਅਰੂਮ ਦੇ ਬਾਹਰ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਪੰਜਾਬ ਪੁਲੀਸ ਨੇ ਕਤਲ ਵਿੱਚ ਸ਼ਾਮਲ ਦੋਵੇਂ ਮੁਲਜ਼ਮਾਂ (ਜਿਨ੍ਹਾਂ ਸ਼ੂਟਰਾਂ ਦੀ ਭੱਜਣ ਵਿਚ ਮਦਦ ਕੀਤੀ ਸੀ) ਨੂੰ ਬੀਤੀ ਰਾਤ ਗ੍ਰਿਫ਼ਤਾਰ ਕਰ ਲਿਆ ਸੀ। ਕਾਤਲ ਇੱਕ ਮੋਟਰਸਾਈਕਲ ਰਾਹੀਂ ਫਰਾਰ ਹੋ ਗਏ, ਜਿਸ ਦੀ ਮਦਦ ਇੱਕ ਸਾਥੀ ਨੇ ਕੀਤੀ ਜੋ ਨੇੜੇ ਹੀ ਉਡੀਕ ਕਰ ਰਿਹਾ ਸੀ। ਬਾਅਦ ਵਿੱਚ ਉਹ ਮੋਟਰਸਾਈਕਲ ਨੂੰ ਸੜਕ ਕਿਨਾਰੇ ਛੱਡ ਕੇ ਸੀਤੋ ਗੁੰਨੋ ਰੋਡ ਨੇੜੇ ਇੱਕ ਕਾਰ ਬੈਠ ਕੇ ਫ਼ਰਾਰ ਹੋ ਗਏ ਸਨ।

ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲੀਸ (ਕਾਨੂੰਨ ਅਤੇ ਵਿਵਸਥਾ) ਅਰਪਿਤ ਸ਼ੁਕਲਾ ਨੇ ਅਪਰਾਧ ਵਾਲੀ ਥਾਂ ਦਾ ਮੁਆਇਨਾ ਕਰਨ ਤੋਂ ਬਾਅਦ ਕਿਹਾ ਕਿ ਮਾਮਲੇ ਦੀ ਜਾਂਚ ਤੇਜ਼ੀ ਨਾਲ ਅੱਗੇ ਵਧ ਰਹੀ ਹੈ ਅਤੇ ਸਾਰੇ ਦੋਸ਼ੀ ਜਲਦੀ ਹੀ ਪੁਲੀਸ ਹਿਰਾਸਤ ਵਿੱਚ ਹੋਣਗੇ।

ਉਨ੍ਹਾਂ ਕਿਹਾ ਕਿ ਮ੍ਰਿਤਕ ਦੇ ਪੁੱਤਰ ਹਿਮਾਂਸ਼ੂ ਵਰਮਾ ਦੇ ਬਿਆਨ ‘ਤੇ ਕੇਸ ਦਰਜ ਕੀਤਾ ਗਿਆ ਸੀ। ਐਫਆਈਆਰ ਵਿੱਚ ਅਜ਼ੀਮਗੜ੍ਹ ਦੇ ਸ਼ਕਤੀ ਕੁਮਾਰ ਨੂੰ ਨਾਮਜ਼ਦ ਕੀਤਾ ਗਿਆ ਸੀ।

ਜਾਂਚ ਦੌਰਾਨ ਦੋ ਮੁੱਖ ਮੁਲਜ਼ਮਾਂ - ਪਟਿਆਲਾ ਦੇ ਰਾਮ ਰਤਨ ਅਤੇ ਮਰਦਾਂਪੁਰ ਦੇ ਜਸਪ੍ਰੀਤ ਸਿੰਘ ਨੂੰ ਐਫਆਈਆਰ ਵਿੱਚ ਨਾਮਜ਼ਦ ਕੀਤਾ ਗਿਆ ਸੀ। ਦੇਰ ਰਾਤ ਤੱਕ ਚੱਲੇ ਇੱਕ ਤਾਲਮੇਲ ਵਾਲੇ ਆਪ੍ਰੇਸ਼ਨ ਵਿੱਚ ਫਾਜ਼ਿਲਕਾ ਪੁਲੀਸ ਅਤੇ ਐਂਟੀ-ਗੈਂਗਸਟਰ ਟਾਸਕ ਫੋਰਸ ਨੇ ਘਟਨਾ ਦੇ 24 ਘੰਟਿਆਂ ਦੇ ਅੰਦਰ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ। ਮੁੱਢਲੀ ਪੁੱਛਗਿੱਛ ਤੋਂ ਪਤਾ ਲੱਗਾ ਕਿ ਦੋਵਾਂ ਨੇ ਘਟਨਾ ਤੋਂ ਬਾਅਦ ਗੋਲੀਬਾਰੀ ਕਰਨ ਵਾਲਿਆਂ ਨੂੰ ਭੱਜਣ ਵਿੱਚ ਮਦਦ ਕੀਤੀ ਸੀ।

CONNECT
INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan | Home | Travel
Mortgage | Tenant

Call Now: 604.553.6616

165-23233 Gilley Road Richmond, BC V6V 1E6

# ਕੈਨੇਡਾ ਨੂੰ ਛੱਡਣ ਵਾਲਿਆਂ ਦੀ ਗਿਣਤੀ ਵਧੀ



**ਟੋਰਾਂਟੋ**: ਕੈਨੇਡਾ 'ਚ ਮਹਿੰਗਾਈ, ਰੋਜ਼ਗਾਰ ਦੀ ਘਾਟ, ਰਿਹਾਇਸ਼ ਦੀ ਤੰਗੀ, ਜੁਰਮਾਂ ਵਾਲੇ ਮਾਹੌਲ ਤੋਂ ਆਪਣਾ ਭਵਿੱਖ ਅਸੁਰੱਖਿਅਤ ਮਹਿਸੂਸ ਕਰਦੇ ਹੋਏ ਕੈਨੇਡਾ ਤੋਂ ਵਾਪਿਸ ਆਪਣੇ ਵਤਨਾਂ ਨੂੰ ਮੁੜਨ ਵਾਲੇ ਵਿਦੇਸ਼ੀਆਂ ਦੀ ਗਿਣਤੀ ਬੀਤੇ ਮਹੀਨਿਆਂ 'ਚ ਵਧਣ ਬਾਰੇ ਖਬਰਾਂ ਮਿਲਣਾ ਜਾਰੀ ਹੈ। ਆਰਜੀ ਵੀਜੇ, ਸਟੱਡੀ ਪਰਮਿਟ ਤੇ ਵਰਕ ਪਰਮਿਟ, ਧਾਰਕਾਂ ਲਈ ਪੱਕੇ ਹੋਣ ਦੇ ਸੀਮਤ ਹੋ ਚੁੱਕੇ ਮੌਕਿਆਂ ਕਾਰਨ ਵੀ ਵਾਪਿਸ ਮੁੜਨ ਵਾਲੇ ਨਿਰਾਸ਼ ਲੋਕਾਂ ਦਾ ਅੰਕੜਾ ਆਮ ਨਾਲੋਂ ਵੱਧ ਚੁੱਕਾ ਹੈ । ਕੈਨੇਡਾ ਦੇ ਅੰਕੜਾ ਵਿਭਾਗ ਦੇ ਤਾਜਾ ਨੰਬਰਾਂ ਅਨੁਸਾਰ 2025 ਦੇ ਜਨਵਰੀ ਤੋਂ ਮਾਰਚ ਤੱਕ ਦੇਸ਼ 'ਚ 27,086 ਵਿਦੇਸ਼ੀ ਪੱਕੇ ਵੀਜ਼ੇ ਨਾਲ ਪੁੱਜੇ ਸਨ ਜਦਕਿ 27,115 ਵਿਅਕਤੀ ਕੈਨੇਡਾ ਤੋਂ ਵਾਪਿਸ ਮੁੜ ਗਏ । ਬੀਤੇ ਸਾਲ ਦੇ ਪਹਿਲੇ 3 ਮਹੀਨਿਆਂ ਦੌਰਾਨ 26,293 ਵਿਦੇਸ਼ੀਆਂ ਨੇ ਕੈਨੇਡਾ ਛੱਡਿਆ ਸੀ। ਇਸ ਅੰਕੜੇ ਅਨੁਸਾਰ ਬੀਤੇ 12 ਕੇ ਮਹੀਨਿਆਂ ਦੌਰਾਨ ਕੈਨੇਡਾ ਛੱਡ ਕੇ ਜਾਣ ਵਾਲੇ ਵਿਦੇਸ਼ੀਆਂ ਦੀ ਗਿਣਤੀ 'ਚ 3 ਕੁ ਫੀਸਦ ਵਾਧਾ ਦਰਜ ਕੀਤਾ ਗਿਆ ਹੈ ।

ਹਰੇਕ ਸਾਲ ਦੇ 3 ਕੁ ਮਹੀਨਿਆਂ 'ਚ 9000 ਦੇ ਕਰੀਬ ਵਿਦੇਸ਼ੀ ਅਜਿਹੇ ਹੁੰਦੇ ਹਨ ਜੋ ਕੈਨੇਡਾ ਦੇ ਪੱਕੇ ਵਾਸੀ ਹੁੰਦੇ ਹਨ ਤੇ ਵਿਦੇਸ਼ਾਂ ਤੋਂ ਵਾਪਿਸ ਕੈਨੇਡਾ 'ਚ ਦਾਖਿਲ ਹੁੰਦੇ ਹਨ।

ਅਗਲੇ 3 ਮਹੀਨਿਆਂ ਦੁਰਾਨ ਕੈਨੇਡਾ ਛੱਡਣ ਵਾਲੇ ਲੋਕਾਂ ਦੀ ਗਿਣਤੀ ਹੋਰ ਵਧੇਗੀ ਪਰ ਇਸ ਸਾਲ ਦੇ ਅਖੀਰ ਤੱਕ ਇਹ ਗਿਣਤੀ ਸਥਿਰ ਹੋ ਜਾਵੇਗੀ।

ਬੀਤੇ ਦਿਨੀਂ ਪੜ੍ਹਾਈ ਪੂਰੀ ਕਰਨ ਮਗਰੋਂ ਵਿਦੇਸ਼ੀ ਵਿਦਿਆਰਥੀਆਂ ਨੂੰ 3 ਸਾਲ ਤੱਕ ਦੇ ਦਿੱਤੇ ਜਾਂਦੇ ਪੋਸਟ ਗਰੈਜੂਏਸ਼ਨ ਵਰਕ ਪਰਮਿਟ (ਓਪਨ ਵਰਕ ਪਰਮਿਟ) ਲਈ ਕੋਰਸਾਂ ਦੀ ਗਿਣਤੀ ਘੱਟ ਕਰਨ ਦਾ ਸਰਕਾਰ ਨੇ ਜੋ ਐਲਾਨ ਕੀਤਾ ਸੀ । ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰਾਲੇ ਵਲੋਂ ਆਪਣੇ ਉਸ ਫੈਸਲੇ ਨੂੰ ਹਾਲ ਦੀ ਘੜੀ (ਨਵੇਂ ਸਾਲ 2026 ਤੱਕ) ਟਾਲਿਆ ਜਾ ਰਿਹਾ ਹੈ । ਨਵੇਂ ਨਿਯਮਾਂ ਤੋਂ 12ਵੀਂ ਪਾਸ ਕਰਕੇ ਕੈਨੇਡਾ ਪੜ੍ਹਨ ਦਾ ਮੁਹਾਣ ਕਰਨ ਵਾਲੇ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ ਜਦਕਿ ਯੂਨੀਵਰਸਿਟੀ ਤੇ ਪੀ.ਐਚ.ਡੀ. ਦੇ ਪੱਧਰ ਦੀ ਉੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦੇਸ਼ੀ ਵਿਦਿਆਰਥੀਆਂ ਨੂੰ ਪਹਿਲਾਂ ਵਾਂਗ ਵਰਕ ਪਰਮਿਟ ਮਿਲਣੇ ਜਾਰੀ ਹਨ।

ਵਿਦੇਸ਼ੀਆਂ ਨੂੰ ਆਪਣੇ ਦੇਸ਼ਾਂ 'ਚ ਪੜ੍ਹਾਈ (ਉੱਚ ਸਿੱਖਿਆ) ਪੂਰੀ ਕਰਨ, ਤੇ ਕੈਨੇਡਾ 'ਚ ਮੰਗ ਵਾਲੇ ਕਿਸੇ ਕਿੱਤੇ ਦੀ ਤੇ ਭਾਸ਼ਾ ਦੀ ਮੁਹਾਰਤ ਹਾਸਿਲ ਕਰਕੇ ਕੈਨੇਡਾ ਦੀ ਪੱਕੀ ਇਮੀਗ੍ਰੇਸ਼ਨ ਪ੍ਰਾਪਤ ਕਰਨ ਦੇ ਮੌਕੇ ਪਹਿਲਾਂ ਮੌਜੂਦ ਹਨ ਤੇ ਭਵਿੱਖ 'ਚ ਵੀ ਉਨ੍ਹਾਂ ਮੌਕਿਆਂ ਦੇ ਮੌਜੂਦ ਰਹਿਣ ਦੀ ਸੰਭਾਵਨਾ ਹੈ।

# ਪੰਜਾਬ ਦੀ 4 ਲੱਖ ਏਕੜ ਖੇਤੀ ਵਾਲੀ ਜ਼ਮੀਨ ਕੰਕਰੀਟ ਦੇ ਜੰਗਲਾਂ ਨੇ ਹੜੱਪੀ



**ਬਠਿੰਡਾ**: ਸੂਬੇ ਦੀ ਸੋਨਾ ਉਗਲਣ ਵਾਲੀ ਖੇਤੀ ਯੋਗ ਜ਼ਮੀਨ ਵਿਚ ਲਗਾਤਾਰ ਉਸਾਰੀਆਂ ਜਾ ਰਹੀਆਂ ਕੰਕਰੀਟ ਇਮਾਰਤਾਂ ਨਾਲ ਪੰਜਾਬ ਵਿਚ ਖੇਤੀ ਯੋਗ ਜ਼ਮੀਨ ਦਾ ਰਕਬਾ ਸ਼ਹਿਰਾਂ ਵਿਚ ਤਬਦੀਲ ਹੋਣ ਨਾਲ ਲਗਾਤਾਰ ਘੱਟ ਹੋ ਰਿਹਾ ਹੈ, ਜਿਸ ਨਾਲ ਦੇਸ਼ ਲਈ 51 ਫ਼ੀਸਦੀ ਅਨਾਜ ਪੈਦਾ ਕਰਨ ਵਾਲੇ ਸੂਬੇ ਦੇ ਕਿਸਾਨਾਂ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਹੋ ਰਹੀਆਂ ਹਨ।

ਲੰਘੇ ਦਹਾਕੇ ਵਿਚ 4 ਲੱਖ ਏਕੜ ਦੇ ਕਰੀਬ ਖੇਤੀ ਯੋਗ ਰਕਬਾ ਸ਼ਹਿਰੀ ਖੇਤਰ 'ਚ ਉਸਰ ਰਹੀਆਂ ਕਾਲੋਨੀਆਂ ਅਤੇ ਪੰਜਾਬ ਵਿਚ ਵਿਛਾਏ ਜਾ ਰਹੇ ਸੜਕਾਂ ਦੇ ਜਾਲ ਨੇ ਨਿਗਲ ਲਿਆ ਹੈ¢ ਸੂਬਾ ਸਰਕਾਰ ਵਲੋਂ ਲੁਧਿਆਣਾ ਦੇ ਨੇੜਲੇ ਪਿੰਡਾਂ ਦੀ 5 ਹਜ਼ਾਰ ਏਕੜ ਜ਼ਮੀਨ ਅਰਬਨ ਸਟੇਟ ਅਧੀਨ ਲਿਆਂਦੇ ਜਾਣ ਦੀ ਯੋਜਨਾ ਬਣਾਈ ਗਈ ਹੈ¢ ਇਸ ਨਾਲ 60 ਹਜ਼ਾਰ ਏਕੜ ਜ਼ਮੀਨਾਂ ਵਿਚ ਭਾਰਤ ਸਰਕਾਰ ਵਲੋਂ ਹਾਈਵੇਜ਼ ਬਣਾਉਣ ਲਈ 'ਐਕੁਆਇਰ' ਕੀਤਾ ਜਾ ਚੁੱਕਾ, ਜਿਸ ਵਿਚ 80 ਫ਼ੀਸਦੀ ਹਾਈਵੇਜ਼ ਦਾ ਨਿਰਮਾਣ ਹੋ ਚੁੱਕਾ ਹੈ¢ ਬਾਕੀ ਹਾਈਵੇਜ ਬਣਾਉਣ ਦਾ ਕੰਮ ਚੱਲ ਰਿਹਾ ਹੈ।

ਇਹ ਗੱਲ ਵੀ ਸਾਹਮਣੇ ਆਈ ਹੈ ਭਾਰਤੀ ਰੇਲਵੇ ਵੀ ਮਾਲ ਗੱਡੀਆਂ ਲਈ ਨਵੀਆਂ ਰੇਲ ਲਾਈਨਾਂ ਵਿਛਾਉਣ ਲਈ ਜ਼ਮੀਨਾਂ 'ਐਕੁਆਇਰ' ਕਰ ਸਕਦਾ ਹੈ, ਜਿਸ ਨਾਲ ਪੰਜਾਬ ਦੀ ਹਜ਼ਾਰਾਂ ਏਕੜ ਖੇਤੀ ਯੋਗ ਜ਼ਮੀਨ ਘਟ ਸਕਦੀ ਹੈ।

ਜ਼ਮੀਨਾਂ ਦੇ ਵਧ ਰਹੇ ਭਾਅ ਦੇ ਲਾਲਚ ਵਿਚ ਆ ਕੇ ਹਰ ਸਾਲ ਪੰਜਾਬ ਛੋਟੇ 2 ਤੋਂ 4 ਏਕੜ ਵਾਲੇ ਕਿਸਾਨਾਂ ਨੂੰ ਜ਼ਮੀਨਾਂ ਤੋਂ ਵਾਂਝੇ ਹੋ ਰਹੇ ਹਨ।

ਪੰਜਾਬ ਦੀ ਸੋਨਾ ਉਗਲਣ ਵਾਲੀ ਖੇਤੀ ਯੋਗ ਜ਼ਮੀਨਾਂ ਨੂੰ ਖੇਤੀ ਸੈਕਟਰ ਤੋਂ ਅਰਬਨ ਸਟੇਟ ਅਤੇ ਨਿੱਜੀ ਕਾਲੋਨੀਆਂ ਬਣਾਉਣ ਲਈ ਜ਼ਮੀਨ ਦੀ ਵਰਤੋਂ ਨਾਲ ਖੇਤਾਂ ਵਿਚ ਸ਼ਹਿਰਾਂ ਦਾ ਉਗਣਾ ਲਗਾਤਾਰ ਜਾਰੀ ਰਿਹਾ ਹੈ, ਜਿਸ ਨਾਲ 50 ਫ਼ੀਸਦੀ ਵਧ ਅਨਾਜ ਪੈਦਾ ਕਰਨ ਵਾਲੇ ਸੂਬੇ ਇਕੱਠੇ ਸੂਬੇ ਦੀ ਖੇਤੀ ਯੋਗ ਜ਼ਮੀਨ ਦਾ ਰਕਬਾ ਘਟ ਹੋਣ ਨਾਲ ਅਨਾਜ ਪੈਦਾਵਾਰ ਵਿਚ ਕਟੌਤੀ ਆ ਸਕਦੀ ਹੈ।

ਭਾਰਤ ਵਿਚ 70 ਤੋਂ 75 ਲੱਖ ਹੈਕਟੇਅਰ ਰਕਬੇ ਵਿਚ ਕਣਕ ਦੀ ਖੇਤੀ ਕੀਤੀ ਜਾ ਰਹੀ ਹੈ। ਇਸ ਵਿਚ 50 ਫ਼ੀਸਦੀ ਤੋਂ ਵੱਧ ਇਕੱਲੇ ਪੰਜਾਬ ਵਿਚ 35 ਲੱਖ ਹੈਕਟੇਅਰ ਰਕਬੇ ਵਿਚ ਕਣਕ ਦੀ ਪੈਦਾਵਾਰ ਹੁੰਦੀ ਹੈ ਅਤੇ ਦੇਸ਼ ਦੇ 27 ਸਟੇਟ ਪੰਜਾਬ ਦੇ ਮੁਕਾਬਲੇ 48 ਫ਼ੀਸਦੀ ਕਣਕ ਦੀ ਪੈਦਾਵਾਰ ਕਰ ਰਹੇ ਹਨ¢ ਜਦੋਂ ਕਿ ਇਨ੍ਹਾਂ ਸੂਬਿਆਂ ਵਿਚੋਂ ਬਹੁਤੇ ਸੂਬੇ ਕਣਕ ਹਰ ਸੀਜ਼ਨ ਵਿਚ 100 ਰੁਪਏ ਤੋਂ ਲੈ ਕੇ 250 ਰੁਪਏ ਤੱਕ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾ ਰਿਹਾ ਹੈ। ਪੰਜਾਬ ਦੀਆਂ ਸਮੇਂ-ਸਮੇਂ ਦੀਆਂ ਸਰਕਾਰਾਂ ਵਲੋਂ ਦੇਸ਼ ਦੀ ਅੱਧੀ ਆਬਾਦੀ ਦਾ ਢਿੱਡ ਭਰਨ ਵਾਲੇ ਕਿਸਾਨਾਂ ਨੂੰ ਕਦੇ ਵੀ ਬੋਨਸ ਨਹੀਂ ਦਿੱਤਾ ਜਾ ਰਿਹਾ। ਮੱਧ ਪ੍ਰਦੇਸ਼ ਸਰਕਾਰ ਵਲੋਂ ਕਿਸਾਨਾਂ ਨੂੰ 200 ਰੁਪਏ ਅਤੇ ਰਾਜਸਥਾਨ ਸਰਕਾਰ ਵਲੋਂ 125 ਰੁਪਏ ਪ੍ਰਤੀ ਕੁਇੰਟਲ ਕਣਕ 'ਤੇ ਬੋਨਸ ਦਿੱਤੇ ਜਾਣ ਦੀ ਗੱਲ ਕਹੀ ਹੈ¢ ਕੇਂਦਰ ਸਰਕਾਰ ਵਲੋਂ ਸਾਉਣੀ ਦੀਆਂ ਫ਼ਸਲਾਂ ਦੀ ਐਮ.ਐਸ.ਪੀ. ਵਿਚ ਕੀਤੇ ਗਏ ਵਾਧੇ ਵਿਚ ਝੋਨਾ ਦੇ ਸਮਾਨ ਮੁੱਲ ਵਿਚ 69 ਰੁਪਏ ਵਾਧਾ ਕੀਤਾ ਗਿਆ, ਜਦੋਂ ਕਿ ਮਹਿੰਗਾਈ ਦਰ ਦਾ 3 ਫ਼ੀਸਦੀ ਬਣਦਾ ਹੈ, ਜਦੋਂਕਿ ਕੇਂਦਰ ਸਰਕਾਰ ਵਲੋਂ ਪੇਸ਼ ਕੀਤੇ ਗਏ ਬਜਟ ਵਿਚ ਮਹਿੰਗਾਈ ਦਰ ਵਿਚ 7.5 ਫ਼ੀਸਦੀ ਵਾਧਾ ਕੀਤਾ ਗਿਆ ਹੈ।

ਕੇਂਦਰ ਸਰਕਾਰ ਦੀ ਮਹਿੰਗਾਈ ਦਰ ਅਨੁਸਾਰ ਦੇਸ਼ ਦੇ ਕਿਸਾਨਾਂ ਨੂੰ ਝੋਨੇ ਦੀ ਫ਼ਸਲ 'ਤੇ ਪ੍ਰਤੀ ਕੁਇੰਟਲ 4 ਫ਼ੀਸਦੀ ਖਰਚਾ ਆਪਣੀਆਂ ਜੇਬਾਂ ਵਿਚੋਂ ਖਰਚ ਕਰਨ ਨਾਲ ਕਿਸਾਨਾਂ ਦੀ ਖੇਤੀ ਖਰਚੇ ਦਾ ਵੱਡਾ ਆਰਥਿਕ ਬੋਝ ਛੱਲਣਾ ਪਵੇਗਾ।


ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent
IMMIGRATION
SERVICES INC

- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship



Maninder Kaur
(RCIC)

For more information Contact 778-951-8252

#219, 7928-128 St. Surrey, British Columbia, V3W 4E8

Email: info@transparentimmigration.com

SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : 778-957-3646
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO
CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 778-957-3646**

**Graphic Designer**
**Ashu Kashyap**

# ਸ਼੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ ’ਤੇ ਖਾਮੋਸ਼ੀ ਪਸਰੀ

ਪਹਿਲਗਾਮ ਹਮਲੇ ਤੋਂ ਬਾਅਦ ਮਈ ਦੇ ਅੰਤ ਵਿੱਚ ਮੇਰਾ ਤੀਜੀ ਵਾਰ ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਜਾਣ ਦਾ ਸਬੱਬ ਬਣਿਆ। ਬਾਬਾ ਨਾਨਕ ਨੇ ਆਪਣੀ ਜ਼ਿੰਦਗੀ ਦਾ ਸਭ ਤੋਂ ਵਧੇਰੇ ਸਮਾਂ ਇਸ ਧਰਤੀ ’ਤੇ ਕਿਰਤ-ਕਰਮ ਕਰਦਿਆਂ ਬਿਤਾਇਆ। 1521 ਵਿੱਚ ਬਾਬਾ ਜੀ ਉਦਾਸੀਆਂ ਤੋਂ ਬਾਅਦ ਇੱਥੇ ਆ ਵਸੇ ਤੇ 1539 ਵਿੱਚ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪ ਕੇ ਗੁਰ-ਸ਼ਬਦ ਜੋਤ ਦੇ ਪ੍ਰਕਾਸ਼ ਲਈ ਖਡੂਰ ਸਾਹਿਬ ਭੇਜ ਦਿੱਤਾ ਤੇ ਆਪ ਇੱਥੇ ਹੀ ਜੋਤੀ ਜੋਤ ਸਮਾ ਗਏ। ਭਾਈ ਗੁਰਦਾਸ ਜੀ ਨੇ ਵੀ ਪਾਤਸ਼ਾਹ ਬਾਰੇ ਲਿਖਿਆ ਹੈ- ‘ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖ ਉਦਾਸੀ ਸਗਲ ਉਤਾਰਾ। ਪਹਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।’ ਬਾਬਾ ਜੀ ਉਦਾਸੀਆਂ ਤੋਂ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਆ ਟਿਕੇ ਤੇ ਅੰਤਲੇ ਸਮੇਂ ਤੱਕ ਸੰਸਾਰੀ ਵਾਂਗ ਉਨ੍ਹਾਂ ਦਾ ਇਹੀ ਟਿਕਾਣਾ ਰਿਹਾ।

ਮੈਂ ਜਦੋਂ ਵੀ ਕਰਤਾਰਪੁਰ ਸਾਹਿਬ ਜਾਂਦਾ ਹਾਂ ਤਾਂ ਅਨੇਕਾਂ ਸਵਾਲ ਮਨ ਵਿੱਚ ਆਉਂਦੇ ਹਨ। ਪਹਿਲਾ ਤਾਂ ਇਹ ਹੈ ਕਿ ਅਸੀਂ ਸਿੱਖਾਂ ਨੇ ਇਤਿਹਾਸਕ ਪਰੰਪਰਾਵਾਂ ਦੇ ਉਲਟ ਗੁਰੂਘਰਾਂ ਨੂੰ ਪੱਥਰਾਂ ਵਿੱਚ ਮੜ੍ਹ ਦਿੱਤਾ। ਉਹ ਧਰਤੀ ਜਿੱਥੇ ਬਾਬਾ ਨਾਨਕ ਨੇ ਜ਼ਿੰਦਗੀ ਦੇ ਅਠਾਰਾਂ ਵਰ੍ਹੇ ਬਿਤਾਏ ਹੋਣ ਤੇ ਭਾਈ ਲਹਿਣਾ ਜੀ ਨੇ ਸੱਤ ਵਰ੍ਹਿਆਂ ਤੱਕ ਆਪਣੇ ਅੰਦਰ ਗੁਰ-ਸ਼ਬਦ ਦੀ ਜੋਤ ਜਗਾਈ ਹੋਵੇ, ਉਸੇ ਪਾਵਨ ਮਿੱਟੀ ਨੂੰ ਪੱਥਰਾਂ ਨਾਲ ਢੱਕ ਦਿੱਤਾ ਜਾਵੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਿਵੇਂ ਪਤਾ ਲੱਗੇਗਾ ਕਿ ਇਹ ਮੁਤਬਰਕ ਮਿੱਟੀ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਹੈ?

ਸ੍ਰੀ ਕਰਤਾਰਪੁਰ ਸਾਹਿਬ ਵੱਲ ਜਾਂਦਿਆਂ ਦੂਜਾ ਸਵਾਲ ਮਨ ਵਿੱਚ ਇਹ ਆਇਆ ਕਿ ਇਹ ਉਹੀ ਰਾਵੀ ਹੈ। ਉਸ ਵਿੱਚ ਹਮੇਸ਼ਾ ਵਾਂਗ ਅਲਪ ਜਿਹਾ ਪਾਣੀ ਵਹਿ ਰਿਹਾ ਹੈ। ਕਣਕਾਂ ਪੱਕੀਆਂ ਖੜ੍ਹੀਆਂ ਹਨ। ਕਿਤੇ ਕਿਤੇ ਵਾਢੀ ਪਈ ਨਜ਼ਰ ਆਉਂਦੀ ਹੈ ਪਰ ਕੋਈ ਜੀਅ-ਪਰਿੰਦਾ ਨਜ਼ਰੀਂ ਨਹੀਂ ਆਉਂਦਾ। ਇਹ ਕਿਹੋ ਜਿਹੀ ਖ਼ਾਮੋਸ਼ੀ ਹੈ? ਇਸ ਖ਼ਾਮੋਸ਼ੀ ਦੇ ਮਾਇਨੇ ਬਹੁਤ ਵੱਡੇ ਹਨ। ਉੱਥੇ ਜਾ ਕੇ ਵੀ ਖ਼ਾਮੋਸ਼ੀ ਪਸਰੀ ਨਜ਼ਰ ਆਈ।

ਪਾਕਿਸਤਾਨੀ ਇਮੀਗਰੇਸ਼ਨ ਸੈਂਟਰ ਵਾਲਿਆਂ ਪਹਿਲਾਂ ਦੀ ਨਿਸਬਤ ਬਹੁਤੇ ਸਵਾਲ ਨਹੀਂ ਪੁੱਛੇ, ਨਾ ਹੀ ਹਾਲਚਾਲ ਪੁੱਛਿਆ ਜਦੋਂਕਿ ਪਹਿਲਾਂ ਬੜੇ ਚਹਿਕਦੇ ਤੇ ਸਵਾਗਤੀ ਹੁੰਦੇ ਸਨ। ਉਨ੍ਹਾਂ ਨੇ ਸਰਸਰੀ ਕਾਗਜ਼ ਚੈੱਕ ਕਰਕੇ ਰਾਹਦਾਰੀ ਕਲੀਅਰ ਕਰ ਦਿੱਤੀ। ਓਧਰ ਦੀ ਬੱਸ ਦੇ ਡਰਾਈਵਰ ਨੇ ਵੀ ਖ਼ਾਮੋਸ਼ੀ ਧਾਰੀ ਹੋਈ ਸੀ। ਪਹਿਲਾਂ ਅਕਸਰ ਡਰਾਈਵਰ ਯਾਤਰੂਆਂ ਨਾਲ ਗੱਲਾਂ ਬਾਤਾਂ ਕਰਦੇ ਸਨ। ਇਸ ਵਾਰ ਸੰਗਤ ਵੀ ਘੱਟ ਸੀ। ਓਧਰੋਂ ਆਉਣ ਵਾਲੀ ਸੰਗਤ ਵੀ ਸੀਮਤ ਸੀ।

ਪਹਿਲਾਂ ਓਧਰਲੀ ਸੰਗਤ ਮਿਲਣ ’ਤੇ ਫੋਟੋਆਂ ਖਿਚਾਉਣ ਲਈ ਬੜੀ ਉਤਾਵਲੀ ਹੁੰਦੀ ਸੀ, ਪਰ ਇਸ ਵਾਰ ਉਹ ਉਤਸ਼ਾਹ ਨਜ਼ਰ ਨਹੀਂ ਆਇਆ। ਸਿਰਫ਼ ਇੱਕਾ-ਦੁੱਕਾ ਬੱਚਿਆਂ ਨੇ ਫੋਟੋਆਂ ਖਿਚਵਾਈਆਂ। ਇਹ ਖ਼ਾਮੋਸ਼ੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਵੀ ਪਸਰੀ ਨਜ਼ਰ ਆਈ। ਇਹ ਬੜੀ ਮੰਦਭਾਗੀ ਸਥਿਤੀ ਹੈ। ਜ਼ਿਲ੍ਹਾ ਅਨੰਤਨਾਗ ਦੇ ਪਹਿਲਗਾਮ ਵਿੱਚ ਵਾਪਰੀ ਮੰਦਭਾਗੀ ਘਟਨਾ ਦਾ ਖ਼ਾਮੋਸ਼ ਅਸਰ ਮਨਾਂ ਵਿੱਚ ਡੂੰਘਾ ਹੈ। ਇਸ ਘਟਨਾ ਵਿੱਚ ਸਾਡੇ ਬੇਗੁਨਾਹ ਨਾਗਰਿਕ ਕਤਲ ਕਰ ਦਿੱਤੇ ਗਏ, ਜੋ ਪਰਿਵਾਰਾਂ ਨਾਲ ਤਫ਼ਰੀਹ ਕਰਨ ਗਏ ਸਨ। ਇਹ ਨਿੰਦਣਯੋਗ ਵਰਤਾਰਾ ਹੈ। ਇਸ ਕਰਕੇ ਦੋਹਾਂ ਮੁਲਕਾਂ ਵਿੱਚ ਕੁੜੱਤਣ ਤੇ ਤਣਾਅ ਸਿਖਰਾਂ ਦਾ ਹੈ। ਇਸੇ ਕਰਕੇ ਸ੍ਰੀ ਕਰਤਾਰਪੁਰ ਸਾਹਿਬ ਜਾਣ ਲਈ ਮਨ ਦੁਚਿੱਤੀ ਵਿੱਚ ਸੀ ਕਿ ਉੱਥੇ ਹਾਲਾਤ ਕਿਹੋ ਜਿਹੇ ਮਿਲਣਗੇ। ਇਹ ਖ਼ਾਮੋਸ਼ੀ ਭੈਅਭੀਤ ਕਰਨ ਵਾਲੀ ਲੱਗੀ।

ਹੈਰਾਨੀ ਦੀ ਗੱਲ ਹੈ ਕਿ ਚੜ੍ਹਦੇ ਤੇ ਲਹਿੰਦੇ ਇਲਾਕਿਆਂ ਵਿੱਚ ਪੰਜਾਬ ਹੈ। ਦੋਵੇਂ ਪੰਜਾਬਾਂ ਵਿੱਚ ਪੰਜਾਬੀ ਵਸਦੇ ਹਨ, ਪੰਜਾਬੀ ਬੋਲਦੇ ਹਨ, ਪੰਜਾਬੀ ਖਾਣੇ ਖਾਂਦੇ ਹਨ, ਪੰਜਾਬ ਦੇ ਪਾਣੀ ਪੀਂਦੇ ਹਨ, ਦੁੱਖ ਵਿੱਚ ਮਾਵਾਂ ਨੂੰ ’ਵਾਜਾਂ ਮਾਰਦੇ, ਮੌਤਾਂ ’ਤੇ ਵੈਣ ਪਾਉਂਦੇ ਤੇ ਖ਼ੁਸ਼ੀ ਵਿੱਚ ਭੰਗੜੇ ਤੇ ਲੁੱਡੀਆਂ ਪਾਉਂਦੇ ਹਨ। ਇੱਕੋ ਮਿੱਟੀ ਵਿੱਚ ਕਣਕ ਬੀਜਦੇ ਤੇ ਸਦੀਆਂ ਤੋਂ ਉਹੀ ਖਾਂਦੇ ਆਏ ਹਨ। ਫਿਰ ਦੋਵੇਂ ਦੁਸ਼ਮਣ ਕਿਵੇਂ ਬਣ ਗਏ? ਇਤਿਹਾਸ ਇਸ ਬਾਰੇ ਖ਼ਾਮੋਸ਼ ਹੈ। ਜਦੋਂ ਦੋਵੇਂ ਪੰਜਾਬਾਂ ਦੀ ਹਿੱਕ ’ਤੇ ਲੀਕ ਵਾਹੀ ਜਾ ਰਹੀ ਸੀ ਤਾਂ ਸਾਂਝੇ ਦੁਸ਼ਮਣ ਲਈ ਵੰਗਾਰ ਬਣਨ ਦੀ ਥਾਂ ਅਸੀਂ ਇੱਕ-ਦੂਜੇ ਦੇ ਦੁਸ਼ਮਣ ਬਣ ਕੇ ਵੱਖ ਹੋ ਗਏ। ਪਿਛਲੀ ਪੌਣੀ ਸਦੀ ਤੋਂ ਨਾ ਉਨ੍ਹਾਂ ਦੁਸ਼ਮਣਾਂ ਨੂੰ ਪਛਾਣ ਸਕੇ, ਨਾ ਗਲਵੱਕੜੀਆਂ ਪਾ ਸਕੇ। ਲੀਕ ਦੇ ਆਰ-ਪਾਰ ਵੱਸਦੇ ਪਰਾਏ ਹੀ ਹੋਏ ਹਾਂ। ਖ਼ਾਮੋਸ਼ੀ ਪਰਾਏਪਣ ਦਾ ਹੀ ਦੂਜਾ ਨਾਂ ਹੈ।

ਦਰਬਾਰ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਦੇ ਹੇਠਾਂ ਬਣੀਆਂ ਦੋ ਯਾਦਗਾਰਾਂ ਨੇ ਵੀ ਇਸ ਵਾਰ ਸਵਾਲ ਖੜ੍ਹੇ ਕਰ ਦਿੱਤੇ। ਦਰਬਾਰ ਸਾਹਿਬ ਦੀ ਹੇਠਲੀ ਛੱਤ ਹੇਠ ਬਾਬਾ ਨਾਨਕ ਦੀ ਸਮਾਧ ਬਣੀ ਹੋਈ ਹੈ। ਦਰਬਾਰ ਸਾਹਿਬ ਦੇ ਪਿਛਲੇ ਪਾਸੇ ਖੁੱਲ੍ਹੇ ਵਿੱਚ ਬਾਬਾ ਜੀ ਦਾ ਮਜ਼ਾਰ ਬਣਿਆ ਹੋਇਆ ਹੈ। ਇਸ ਬਾਰੇ ਕਥਾ ਪ੍ਰਚੱਲਿਤ ਹੈ ਕਿ ਜਦੋਂ ਬਾਬਾ ਜੀ ਜੋਤੀ ਜੋਤ ਸਮਾ ਗਏ ਤਾਂ ਹਿੰਦੂਆਂ ਤੇ ਮੁਸਲਮਾਨਾਂ ਵਿੱਚ ਝਗੜਾ ਹੋ ਗਿਆ। ਹਿੰਦੂ ਕਹਿਣ ਬਾਬਾ ਜੀ ਸਾਡੇ ਗੁਰੂ ਹਨ, ਇਸ ਲਈ ਉਨ੍ਹਾਂ ਦੀ ਦੇਹ ਦਾ ਅਸੀਂ ਆਪਣੇ ਰੀਤੀ ਰਿਵਾਜ ਅਨੁਸਾਰ ਸਸਕਾਰ ਕਰਾਂਗੇ। ਮੁਸਲਮਾਨ ਆਖਣ ਬਾਬਾ ਸਾਡਾ ਪੀਰ ਹੈ, ਅਸੀਂ ਉਨ੍ਹਾਂ ਦੀ ਦੇਹ ਨੂੰ ਦਫ਼ਨਾਵਾਂਗੇ। ਇਸ ਝਗੜੇ ਵਿੱਚ ਜਦੋਂ ਦੋਹਾਂ ਨੇ ਬਾਬਾ ਜੀ ’ਤੇ ਦਿੱਤੀ ਚਾਦਰ ਚੁੱਕੀ ਤਾਂ ਬਾਬਾ ਜੀ ਦੀ ਦੇਹ ਅਲੋਪ ਹੋ ਚੁੱਕੀ ਸੀ। ਦੋਵਾਂ ਨੇ ਚਾਦਰ ਅੱਧੀ ਅੱਧੀ ਵੰਡ ਲਈ। ਹਿੰਦੂਆਂ ਨੇ ਸਸਕਾਰ ਕਰਕੇ ਸਮਾਧ ਬਣਾ ਦਿੱਤੀ ਤੇ ਮੁਸਲਮਾਨਾਂ ਨੇ ਦਫ਼ਨਾ ਕੇ ਮਜ਼ਾਰ ਬਣਾ ਦਿੱਤਾ।

ਇੱਥੇ ਫਿਰ ਇਹੋ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਬਾਬਾ ਜੀ ਨੇ ਕਹਿ ਦਿੱਤਾ ਕਿ ਅਕਾਲ ਪੁਰਖ ਇੱਕ ਹੈ। ‘ਨਾ ਕੋ ਹਿੰਦੂ ਨ ਮੁਸਲਮਾਨ’ ਫਿਰ ਇਸ ਵੰਡ ਦੇ ਕੀ ਅਰਥ? ਇਤਿਹਾਸ ਇਸ ਬਾਰੇ ਖ਼ਾਮੋਸ਼ ਹੈ। ਇਹੋ ਵੰਡ 1947 ਵਿੱਚ ਦੋ ਕੌਮਾਂ ਦੇ ਸਿਧਾਂਤ ਦਾ ਆਧਾਰ ਬਣੀ ਤੇ ਚਾਦਰ ਵਾਂਗ ਮੁਲਕ ਵੰਡ ਲਏ। ਬਾਬਾ ਜੀ ਦਾ ਕਹਿਣਾ ਮੰਨਣ ਦੀ ਥਾਂ ਦੁਸ਼ਮਣੀ ਧਾਰਨ ਕਰ ਲਈ। ਇਹੋ ਦੁਸ਼ਮਣੀ ਖ਼ਾਮੋਸ਼ੀ ਵਿੱਚ ਪਸਰੀ ਪਈ ਹੈ।

ਉਪਰੋਕਤ ਖ਼ਾਮੋਸ਼ੀ ਵਿੱਚ ਇੱਕ ਹੋਰ ਖ਼ਾਮੋਸ਼ੀ ਪਈ ਹੈ। ਸਰਹੱਦ ਵਿਚਾਲੇ ਨੋ ਮੈਨਜ਼ ਲੈਂਡ ਦੇ ਰੂਪ ਵਿੱਚ। ਸਰਹੱਦ ਦੇ ਆਰ-ਪਾਰ ਦੁਸ਼ਮਣੀ, ਨਫ਼ਰਤ, ਹਿੰਸਾ, ਗਿੱਦੜ ਭਬਕੀਆਂ, ਵੰਗਾਰ, ਨੇਸਤੋ-ਨਾਬੂਦ ਕਰਨ ਦੀਆਂ ਧਮਕੀਆਂ, ਹੁੱਕਾ ਪਾਣੀ ਬੰਦ ਕਰਨ ਦੇ ਲਲਕਾਰੇ, ਐਟਮੀ ਹਥਿਆਰਾਂ ਦੇ ਦਬਕੇ ਤੇ ਪਤਾ ਨਹੀਂ ਹੋਰ ਕੀ ਕੁਝ ਹੋ ਰਿਹਾ ਹੈ। ਇਸ ਵਿੱਚੋਂ ਮਾਸੂਮਾਂ ਦੇ ਕਤਲ ਹੋ ਰਹੇ ਹਨ। ਦਹਿਸ਼ਤਗਰਦੀ ਦੀ ਪੁਸ਼ਤਪਨਾਹੀ ਹੋ ਰਹੀ ਹੈ। ਨੋ-ਮੈਨਜ਼ ਲੈਂਡ ’ਤੇ ਅਹਿੰਸਾ, ਦੋਸਤੀ, ਭਾਈਚਾਰੇ, ਮਿਲਵਰਤਣ, ਸਾਂਝਾਂ, ਸੁਆਗਤ, ਗਲਵੱਕੜੀਆਂ, ਦੁੱਖਾਂ ਸੁੱਖਾਂ ਦੀ ਭਿਆਲੀ- ਸਭ ਖ਼ਾਮੋਸ਼ੀ ਵਿੱਚ ਪਏ ਹਨ। ਪੌਣੀ ਸਦੀ ਤੋਂ ਵਧੇਰੇ ਹੋ ਗਿਆ ਇਕੱਲਾ ਮੰਟੋ ਸਿਰ ’ਤੇ ਟੋਬਾ ਟੇਕ ਸਿੰਘ ਚੁੱਕੀ ਦੁਹਾਈ ਪਾ ਰਿਹਾ … ਤੇ ਅਸੀਂ ਲੱਜਪਾਲ ਬਣਨ ਦੀ ਥਾਂ ਦੁਸ਼ਮਣ ਪਾਲ ਬਣਦੇ ਜਾ ਰਹੇ ਹਾਂ। ਰੱਬ ਖ਼ੈਰ ਕਰੇ!

**ਪਰਮਜੀਤ ਢੀਂਗਰਾ**

# ਸਰਾਏ ਤੇ ਮਿਨਹਾਸ ਨੇ ਸੰਤ ਸੀਚੇਵਾਲ ਦਾ ਸਨਮਾਨ ਕੀਤਾ

**ਸਰੀ**: ਪੰਜਾਬ ਦੇ ਵਾਤਾਵਰਨ ਪ੍ਰੇਮੀ ਅਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਸਰੀ ਪੁੱਜਣ ’ਤੇ ਬਿਜ਼ਨਸਮੈਨ ਜਤਿੰਦਰ ਸਿੰਘ ਜੇ ਮਿਨਹਾਸ, ਸਤੀਸ਼ ਕੁਮਾਰ, ਸੁਖੀ ਬਾਠ, ਸੁਖਵਿੰਦਰ ਸਿੰਘ ਬੋਪਾਰਾਏ ਤੇ ਹੋਰਾਂ ਵੱਲੋਂ ਸਵਾਗਤ ਕੀਤਾ ਗਿਆ।

ਇਸ ਸਮਾਗਮ ਮੌਕੇ ਸੰਤ ਸੀਚੇਵਾਲ ਨੇ ਵਾਤਾਵਰਨ ਦੀ ਸੰਭਾਲ ਦੇ ਮੁੱਦਿਆਂ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਸੁਲਤਾਨਪੁਰ ਲੋਧੀ ਦੇ ਇਲਾਕੇ ਵਿਚ ਕੱਚੇ ਰਸਤਿਆਂ ਨੂੰ ਚੱਲਣ ਯੋਗ ਤੇ ਬਿਹਤਰ ਬਣਾਉਣ ਦਾ ਕਾਰਜ ਆਰੰਭਿਆ।

ਮੰਚ ਸੰਚਾਲਨ ਕਰਦਿਆਂ ਇੰਦਰਜੀਤ ਸਿੰਘ ਬੈਂਸ ਨੇ ਸੰਤ ਸੀਚੇਵਾਲ ਵੱਲੋਂ ਪੰਜਾਬ ਵਿਚ ਵਾਤਾਵਰਨ ਦੀ ਸੰਭਾਲ ਲਈ ਕੀਤੇ ਜਾ ਰਹੇ ਕੰਮਾਂ ਬਾਰੇ ਦੱਸਿਆ।



ਇਸ ਮੌਕੇ ਸਰੀ ਸੈਂਟਰ ਤੋਂ ਐਮ ਪੀ ਤੇ ਸਟੇਟ ਮਨਿਸਟਰ ਰਣਦੀਪ ਸਿੰਘ ਸਰਾਏ ਵਿਸ਼ੇਸ਼ ਤੌਰ ਤੇ ਪੁੱਜੇ ਤੇ ਉਨ੍ਹਾਂ ਵਾਤਾਵਰਨ ਦੀ ਸੰਭਾਲ ਲਈ ਸੰਤ ਸੀਚੇਵਾਲ ਵੱਲੋਂ ਕੀਤੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਸਨਮਾਨਿਤ ਕੀਤਾ।

# ਸ਼੍ਰੀ ਪਟਨਾ ਸਾਹਿਬ ਦੇ ਪਵਿੱਤਰ ਦੀਦਾਰੇ

ਕੁਝ ਸਮਾਂ ਪਹਿਲਾਂ ਮੈਨੂੰ ਮੌਕਾ ਮਿਲਿਆ ਪਟਨਾ ਸਾਹਿਬ ਜਾਣ ਦਾ, ਉਥੋਂ ਦੋ ਘੰਟੇ ਦੀ ਦੂਰੀ 'ਤੇ ਬੋਧਗਯਾ ਵੀ ਜਾਣਾ ਬਣਿਆ। ਪਟਨਾ ਸਾਹਿਬ ਪਹਿਲਾਂ ਇਕ ਵਾਰ ਬਹੁਤ ਬਚਪਨ ਵਿਚ ਗਿਆ ਸਾਂ, ਮੈਨੂੰ ਕੁਝ ਯਾਦ ਨਹੀਂ। ਹੁਣ ਪਰਿਵਾਰ ਸਮੇਤ ਜਾਣਾ ਬਣਿਆਂ ਤਾਂ ਮੇਰੇ ਜ਼ਹਿਨ 'ਚ ਇਕ ਤਸਵੀਰ ਸੀ।



ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਅਸਥਾਨ ਅਤੇ ਗੁਰੂ ਨਾਨਕ ਸਾਹਿਬ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਚਰਨ ਛੋਹ ਪ੍ਰਾਪਤ ਪਟਨਾ ਸਾਹਿਬ ਵਿਖੇ ਅਸਥਾਨ ਕੈਸੇ ਅਸਥਾਨ ਹੋਣਗੇ? ਇਹ ਆਸ਼ਾ ਸੀ, ਨਿਸ਼ਾਨੀਆਂ ਗੁਰੂ ਸਾਹਿਬ ਕੀਆਂ ਕੁਝ ਪਿਛਾਂਹ ਲੈ ਜਾਣਗੀਆਂ, ਉਸ ਸਮੇਂ ਵਿਚ। ਪਰ ਜਦ ਉੱਥੇ ਪੁੱਜੇ ਤਾਂ ਜਿਨ੍ਹਾਂ ਜਿਨ੍ਹਾਂ ਅਸਥਾਨਾਂ 'ਤੇ ਗਏ ਤਾਂ ਮੈਂ ਹੈਰਾਨ ਸਾਂ। ਗੁਰਦੁਆਰਾ ਬਾਲ ਲੀਲਾ ਮੈਣੀ ਸੰਗਤ ਸਾਹਿਬ, ਤਖ਼ਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ, ਗੁਰਦੁਆਰਾ ਗੋਬਿੰਦ ਘਾਟ (ਕੰਗਣ ਘਾਟ), ਗੁਰਦੁਆਰਾ ਗੁਰੂ ਕਾ ਬਾਗ, ਗੁਰਦੁਆਰਾ ਸੰਗਤ ਸੋਨਾਰ ਟੋਲੀ, ਗੁਰਦੁਆਰਾ ਗਊ ਘਾਟ ਆਦਿ ਅਸਥਾਨਾਂ ਦੇ ਦਰਸ਼ਨ ਕੀਤੇ।

**ਕੁਦਰਤ ਤੋਂ ਮੁਨਕਰ:**

ਹੈਰਾਨ ਮੈਂ ਇਸ ਕਰਕੇ ਸਾਂ ਕਿ ਆਪਣੇ ਪੰਜਾਬ ਦੇ ਕਾਰ ਸੇਵਾ ਵਾਲਿਆਂ ਨੇ ਤਕਰੀਬਨ ਸਾਰੇ ਗੁਰਦੁਆਰਿਆਂ 'ਚ ਸੇਵਾ ਆਰੰਭੀ ਹੋਈ ਹੈ। ਬਿਲਕੁਲ ਉਸੇ ਤਰਜ਼ 'ਤੇ ਜਿਵੇਂ ਪੰਜਾਬ ਦੇ ਗੁਰਦੁਆਰਿਆਂ ਵਿਚ ਚੱਲ ਰਹੀ ਹੈ।

ਕੁਦਰਤ ਤੋਂ; ਸਤਿ ਹੋਂਦ ਤੋਂ ਪਰ੍ਹਾਂ ਹੀ ਪਰ੍ਹਾਂ, ਪੱਥਰ ਹੀ ਪੱਥਰ। ਕੇਵਲ ਇਕ ਗੁਰੂ ਕਾ ਬਾਗ਼ ਗੁਰਦੁਆਰਾ ਅਜਿਹਾ ਹੈ ਕੁਝ ਰੁੱਖ ਹਨ, ਬਾਕੀ ਤਾਂ ਸਭ ਸਫ਼ੈਦ ਸੰਗਮਰਮਰ ਦੀ ਲਪੇਟ ਵਿਚ ਆ ਚੁੱਕੇ ਹਨ। ਕੁਝ ਥਾਵਾਂ 'ਤੇ ਛੋਟੇ-ਛੋਟੇ ਗਮਲੇ ਦੇਖਣ ਨੂੰ ਮਿਲਦੇ ਹਨ। ਗੁਰੂ ਗੋਬਿੰਦ ਸਿੰਘ ਜੀ ਬਾਲ ਅਵਸਥਾ ਵਿਚ ਕੀ ਸੰਗਮਰਮਰ ਦੇ ਫ਼ਰਸ਼ 'ਤੇ ਖੇਡਦੇ ਹੋਣਗੇ? ਰੁੱਖ ਕੋਈ ਨਾ ਹੋਸੀ ਕਿਸੇ ਘਰ ਵਿਚ। ਨਾ ਗੁਰੂ ਤੇਗ਼ ਬਹਾਦਰ ਸਾਹਿਬ ਦੇ ਘਰ ਜਿੱਥੇ ਗੁਰੂ ਸਾਹਿਬ ਜਨਮੇ, ਰਾਜਾ ਫ਼ਤਹਿ ਚੰਦ ਮੈਣੀ ਦੇ ਮਹਿਲ, ਗਊ ਘਾਟ ਜਿੱਥੇ ਗੁਰੂ ਤੇਗ਼ ਬਹਾਦਰ ਜੀ ਨੇ ਪਰਿਵਾਰ ਸਮੇਤ ਕੁਝ ਸਮਾਂ ਨਿਵਾਸ ਕੀਤਾ, ਕੰਗਣ ਘਾਟ ਜਿੱਥੇ ਸ਼ਸਤਰ ਅਭਿਆਸ ਕਰਦੇ ਸਨ, ਹੁਣ ਤਾਂ ਰਹੀਮ ਬਖ਼ਸ਼ ਤੇ ਕਰੀਮ ਬਖ਼ਸ਼ ਦਾ ਬਾਗ਼ ਵੀ ਬਾਗ਼ ਜਿਹਾ ਨਹੀਂ ਰਿਹਾ। ਗੁਰਦੁਆਰਿਆਂ ਅੰਦਰ ਸੰਗਮਰਮਰ ਤੇ ਗੁਰਦੁਆਰਿਆਂ ਦੇ ਆਲੇ ਦੁਆਲੇ ਉੱਚੀਆਂ ਉੱਚੀਆਂ ਸਰਾਵਾਂ ਹੀ ਸਰਾਵਾਂ ਏ. ਸੀ. ਵਾਲੀਆਂ ਸਰਾਵਾਂ, ਸਤ ਪ੍ਰਧਕ ਸਤਿਨਾਮੁ ; ਸਤਿ ਕੁਦਰਤ ਤੋਂ ਮਨ 'ਚ ਦਿਖਦੇ ਹਨ। ਜੰਗਲਾਂ ਦੀ ਕਟਾਈ।

ਇਨ੍ਹਾਂ ਦਿਨਾਂ ਵਿਚ ਹੀ ਮਾਰਚ ਦੇ ਅਮੀਰ ਅਤੇ ਅਪ੍ਰੈਲ 2025 ਦੇ ਸ਼ੁਰੂ ਵਿਚ, ਹੈਦਰਾਬਾਦ ਦੇ ਕੱਚਾ ਗਾਰੀਬਦਲੀ ਖੇਤਰ ਵਿਚ ਵਿਆਪਕ ਜੰਗਲਾਂ ਦੀ ਕਟਾਈ ਹੋਈ, ਖ਼ਾਸ ਕਰਕੇ 30 ਮਾਰਚ ਤੋਂ 2 ਅਪ੍ਰੈਲ ਦੇ ਵਿਚਕਾਰ, 400 ਏਕੜ ਜ਼ਮੀਨ 'ਤੇ 40,000 ਤੋਂ ਵੱਧ ਰੁੱਖ ਕੱਟੇ ਗਏ। ਇਸ ਜੰਗਲ ਦੀ ਕਟਾਈ 'ਤੇ ਹੈਦਰਾਬਾਦ ਯੂਨੀਵਰਸਿਟੀ ਦੇ ਵਾਤਾਵਰਨ ਪ੍ਰੇਮੀਆਂ, ਵਿਦਿਆਰਥੀਆਂ ਅਤੇ ਫੈਕਲਟੀ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ।

ਜਦ ਕਿ ਇਹ ਜੰਗਲਾਤ ਭਰੀ ਜ਼ਮੀਨ ਆਈਵੀ ਅਤੇ ਮਿਸ਼ਰਤ ਵਰਤੋਂ ਦੇ ਉਦੇਸ਼ਾਂ ਲਈ ਵਿਕਸਤ ਕਰਨ ਦੇ ਇਕ ਪ੍ਰੋਜੈਕਟ ਦਾ ਹਿੱਸਾ ਸੀ। ਸੁਪਰੀਮ ਕੋਰਟ ਨੇ ਅੰਤ ਵਿਚ ਦਖ਼ਲ ਦਿੱਤਾ, ਵਿਵਾਦਿਤ ਜ਼ਮੀਨ 'ਤੇ ਹੋਰ ਕਟਾਈ ਗਤੀਵਿਧੀਆਂ ਨੂੰ ਦੋਰ ਦਿੱਤਾ ਗਿਆ।

ਸਿੱਧਾ ਸਿੱਧਾ ਸ਼ਹਿਰੀ ਵਿਕਾਸ ਅਤੇ ਵਾਤਾਵਰਨ ਦਾ ਟਕਰਾਅ ਹੈ। ਓਧਰ ਜਲੰਧਰ ਤੋਂ ਗੁੜਗਾਓਂ, ਪਟਨਾ, ਬੋਧਗਯਾ ਤੇ ਵਾਪਸੀ ਵੇਲੇ ਵੇਖਿਆ; ਸੜਕਾਂ ਦਾ ਉਹ ਜਾਲ- ਜੰਜਾਲ ਜਿਸ ਵਿਚ ਪਿੰਡਾਂ ਦੇ ਪਿੰਡ ਗੁੰਮ ਗੁਆਚ ਗਏ, ਉਹਨਾਂ ਦੀ ਵਿਲੱਖਣਤਾ ਹਾਈਵੇ ਹੇਠ ਆ ਗਈ, ਉਪਜਾਊ ਕਾਸ਼ਤਕਾਰੀ ਜ਼ਮੀਨ ਕੰਕਰੀਟ ਹੋ ਗਈ। ਸਭ ਹਾਈਵੇ, ਹਾਈਵੇ ਹੀ ਹੋ ਗਿਐ ਤੇ ਇਸੇ ਨੂੰ ਹੀ ਵਿਕਾਸ ਸਮਝ ਲਿਐ ਅਸਾਂ।

**ਸਿੱਖ ਇਤਿਹਾਸਿਕ ਅਸਥਾਨ:**

ਪਰੰਤੂ ਅਸੀਂ ਸਿੱਖ ਇਤਿਹਾਸਿਕ ਅਸਥਾਨਾਂ ਨੂੰ ਸਤਿ ਕੁਦਰਤ ਤੋਂ ਦੂਰ ਸੰਗਮਰਮਰ ਦੀ ਵਿਸ਼ਾਲ ਉਸਾਰੀ ਹੇਠ ਡ੍ਰੀਮ ਕਰੀ ਜਾ ਰਹੇ ਹਾਂ, ਜਿੱਥੇ ਜਾ ਕੇ ਅੱਜ ਦਾ ਸਿੱਖ ਪੁਰਾਤਨ ਸਮੇਂ ਨੂੰ ਮਹਿਸੂਸ ਨਹੀਂ ਕਰ ਪਾਉਂਦਾ।

ਪਿੰਡਾਂ ਦੀ ਉਪਜਾਊ ਧਰਤੀ ਤੇ ਵਿਰਾਸਤ ਹਾਈਵੇ ਹੇਠ ਦੱਬੀ ਗਈ ਬਸ ਸ਼ੂਕਦੀਆਂ ਗੱਡੀਆਂ ਦੀ ਆਵਾਜ਼ ਵਿਕਾਸ, ਵਿਕਾਸ ਕਰ ਰਹੀਂ ਹੈ। ਆਓ ਕਰੀਏ ਉਪਰਾਧਾ ਜੋ ਪੁਰਾਤਨ ਵਿਰਾਸਤ ਬਚੀ ਹੈ, ਉਸ ਨੂੰ ਸੰਜੋਅ ਕੇ ਰੱਖੀਏ ਅਤੇ ਜਿਸ ਦਾ ਉਜਾੜਾ ਅਸਾਂ ਆਪ ਕੀਤਾ,ਉਸ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਕਰੀਏ, ਸਤਿ ਕੁਦਰਤ ਦੇ ਨੇੜੇ ਨੇੜੇ ਹੋਈਏ।

**ਡਾ. ਮਿਹਰਬਾਨ ਸਿੰਘ**

# ਦੋ ਤਖ਼ਤਾਂ ਵਿਚਕਾਰ ਲੜਾਈ ਵੱਡਾ ਦੁਖਾਂਤ

**ਖੰਨਾ**: ਦੁਨੀਆ ਭਰ ਦੇ ਸਿੱਖ ਕੌਮ ਦੇ ਦੋ ਸਭ ਤੋਂ ਉੱਚ ਧਾਰਮਿਕ ਸਥਾਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਚਕਾਰ ਹੋ ਰਹੀ ਮੰਦਭਾਗੀ ਲੜਾਈ ਸਬੰਧੀ ਚਿੰਤਤ ਹਨ। ਕੌਮ ਦੇ ਦਾਨਿਸ਼ਵਰਾਂ ਨੂੰ ਇਸ ਭਰਾ-ਮਾਰੂ ਜੰਗ ਨੂੰ ਰੋਕਣ ਲਈ ਅੱਗੇ ਆਉਣਾ ਚਾਹੀਦਾ ਹੈ।

ਇਹ ਗੱਲ ਸਾਬਕ ਐਮ. ਪੀ. ਅਤੇ ਘੱਟ ਗਿਣਤੀ ਕਮਿਸ਼ਨ ਦੇ ਸਾਬਕ ਚੇਅਰਮੈਨ ਤਰਲੋਚਨ ਸਿੰਘ ਨੇ ਕਹੀ। ਉਨ੍ਹਾਂ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਪੂਰਾ ਭਾਰਤੀ ਮੀਡੀਆ ਸਿੱਖਾਂ ਦੀ ਆਪਸੀ ਫ਼ੁਟ ਦੀਆਂ ਕਹਾਣੀਆਂ ਨੂੰ ਉਜਾਗਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਵਿਚ ਵੱਖ-ਵੱਖ ਸਿੱਖ ਮਿਸਲਾਂ ਦੇ ਆਗੂਆਂ ਵਿਚਕਾਰ ਲੜਾਈ ਦੀਆਂ ਬਹੁਤ ਸਾਰੀਆਂ ਉਦਾਹਰਨਾਂ ਹਨ। ਪਰ ਉਸ ਵੇਲੇ ਬਾਬਾ ਸਾਹਿਬ ਸਿੰਘ ਬੇਦੀ ਅੱਗੇ ਆਏ ਤੇ ਉਨ੍ਹਾਂ ਨੇ ਕੌਮ ਵਿਚ ਸਮਝੌਤਾ ਕਰਵਾਇਆ। ਉਨ੍ਹਾਂ ਨੇ ਰਣਜੀਤ ਸਿੰਘ ਨੂੰ ਪੰਜਾਬ ਦਾ ਮਹਾਰਾਜਾ ਐਲਾਨਿਆ। ਪਰ ਹੁਣ ਇਸ ਲੜਾਈ ਕਾਰਨ ਕੌਮ ਗੈਰ-ਸਿੱਖਾਂ ਵਿਚ ਹਾਸੇ ਦਾ ਪਾਤਰ ਬਣ ਰਹੀ ਹੈ।

ਉਨ੍ਹਾਂ ਕਿਹਾ ਕਿ ਵੱਖ-ਵੱਖ ਡੇਰਿਆਂ ਦੇ ਮੁਖੀ, ਸੰਤ ਸਮਾਜ, ਜਥੇਦਾਰ ਤਖ਼ਤ ਹਜ਼ੂਰ ਸਾਹਿਬ ਨੂੰ ਅੱਗੇ ਆ ਕੇ ਇਹ ਮੌਕਾ ਸੰਭਾਲਦੇ ਹੋਏ ਇਸ ਮਸਲੇ ਨੂੰ ਹਲ ਕਰਵਾਉਣਾ ਚਾਹੀਦਾ ਹੈ, ਤਾਂ ਜੋ ਕੌਮ ਆਪਸੀ ਫੁਟ ਤੋਂ ਬਚ ਸਕੇ।



# ਸਰੀ 'ਚ ਖ਼ੁਦਕੁਸ਼ੀ ਕਰਨ ਵਾਲੇ ਨੌਜਵਾਨ ਦੀ ਲਾਸ਼ 18 ਦਿਨਾਂ ਬਾਅਦ ਪਿੰਡ ਪਹੁੰਚੀ



**ਮਾਲੇਰਕੋਟਲਾ**: ਸਰੀ ਸ਼ਹਿਰ 'ਚ 19 ਜੂਨ ਨੂੰ ਫਾਹਾ ਲੈ ਕੇ ਖ਼ੁਦਕੁਸ਼ੀ ਕਰਨ ਵਾਲੇ ਪਿੰਡ ਬੀੜ ਅਹਿਮਦਾਬਾਦ ਦੇ 22 ਸਾਲਾ ਨੌਜਵਾਨ ਹਰਮਨਜੋਤ ਸਿੰਘ ਦੀ ਲਾਸ਼ ਅੱਜ 18 ਦਿਨਾਂ ਬਾਅਦ ਕੈਨੇਡਾ ਤੋਂ ਸਥਾਨਕ ਨੌਸ਼ਹਿਰਾ ਪਿੰਡ ਰਹਿੰਦੀ ਭੂਆ ਪਰਮਿੰਦਰ ਕੌਰ ਦੇ ਘਰ ਪਹੁੰਚੀ। ਜ਼ਿਕਰਯੋਗ ਹੈ ਕਿ ਹਰਮਨਜੋਤ ਸਿੰਘ ਢਾਈ ਕੁ ਸਾਲਾਂ ਦਾ ਹੀ ਸੀ ਜਦੋਂ ਉਸ ਦੀ ਮਾਂ ਮਨਜੀਤ ਕੌਰ ਅਤੇ ਪਿਤਾ ਅਮਨਦੀਪ ਸਿੰਘ ਦੀ ਮੌਤ ਹੋ ਗਈ ਸੀ। ਹਰਮਨਜੋਤ ਸਿੰਘ ਦੇ ਮਾਮਾ ਧਰਮਿੰਦਰ ਸਿੰਘ ਚੱਕ ਸੇਖੂਪੁਰ ਕਲਾਂ ਨੇ ਦੱਸਿਆ ਕਿ ਹਰਮਨਜੋਤ ਬਾਰ੍ਹਵੀਂ ਜਮਾਤ ਪਾਸ ਕਰਨ ਉਪਰੰਤ ਚੰਗੇ ਭਵਿੱਖ ਦੇ ਸੁਫ਼ਨਿਆਂ ਨੂੰ ਸਾਕਾਰ ਕਰਨ ਲਈ ਆਈਲੈਟਸ 'ਚੋਂ ਅੱਠ ਬੈਂਡ ਹਾਸਲ ਕਰ ਕੇ ਚਾਰ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਚਲਾ ਗਿਆ ਸੀ। ਇਸ ਵੇਲੇ ਪੀਆਰ ਦੀ ਉਡੀਕ ਵਿੱਚ ਵਰਕ ਪਰਮਿਟ 'ਤੇ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿੱਚ ਰਹਿ ਰਿਹਾ ਸੀ। ਪੜ੍ਹਾਈ ਵਿੱਚੋਂ ਪੀਆਰ ਲਈ ਨੰਬਰ ਘਟ ਜਾਣ ਕਰ ਕੇ ਹਰਮਨਜੋਤ ਨਿਰਾਸ਼ ਸੀ। ਇਸੇ ਕਾਰਨ ਉਸ ਨੇ ਆਪਣੇ ਕਮਰੇ ਦੇ ਦਰਵਾਜ਼ੇ ਨਾਲ ਪਰਨਾ ਬੰਨ੍ਹ ਕੇ ਖ਼ੁਦਕੁਸ਼ੀ ਕਰ ਲਈ ਸੀ।

# ਕੈਨੇਡਾ 'ਚ ਨਵੇਂ ਆਏ ਪੰਜਾਬੀ ਇਥੋਂ ਦੇ ਸੱਭਿਆਚਾਰ ਨੂੰ ਸਮਝਣ



ਕੈਨੇਡਾ ਵਿਚ ਪੰਜਾਬੀਆਂ ਦੀ ਵਸੋਂ ਵਿਚ ਪਿਛਲੇ ਸੱਤ-ਅੱਠ ਸਾਲਾਂ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਜਿੱਥੇ ਪੰਜਾਬੀਆਂ ਨੇ ਮਿਹਨਤ ਕਰ ਕੇ ਨਾਂ ਬਣਾਇਆ ਹੈ, ਉੱਥੇ ਹੀ ਵੱਡੀ ਗਿਣਤੀ ਵਿਚ ਨਵੇਂ ਪਹੁੰਚੇ ਪੰਜਾਬੀਆਂ 'ਚੋਂ ਕਾਫ਼ੀਆਂ ਨੇ ਪੰਜਾਬ ਦਾ ਨਾਮ ਬਦਨਾਮ ਕਰਨ ਵਿਚ ਵੀ ਕੋਈ ਕਸਰ ਨਹੀਂ ਛੱਡੀ।

ਨਾਮ ਬਦਨਾਮ ਕਰਨ ਦੇ ਬਹੁਤ ਕਾਰਨ ਹਨ। ਨਵੇਂ ਆਇਆਂ ਨੂੰ ਕੈਨੇਡਾ ਦੇ ਸੱਭਿਆਚਾਰ ਨੂੰ ਸਮਝਣ ਵਿਚ ਬਹੁਤ ਮੁਸ਼ਕਲ ਆ ਰਹੀ ਹੈ। ਇੱਥੋਂ ਦੇ ਲੋਕ ਸ਼ੋਰ-ਸ਼ਰਾਬਾ ਪਸੰਦ ਨਹੀਂ ਕਰਦੇ ਪਰ ਪੰਜਾਬੀ ਆਪਣੀਆ ਕਾਰਾਂ, ਟਰੱਕਾਂ, ਟੈਕਸੀਆਂ ਆਦਿ ਵਿਚ ਬੇਤਹਾਸ਼ਾ ਉੱਚੀ ਆਵਾਜ਼ ਵਿਚ ਸੰਗੀਤ ਲਾਉਂਦੇ ਹਨ। ਘਰਾਂ ਵਿਚ ਵੀ ਜਿੱਥੇ ਇਹ ਕਿਰਾਏ 'ਤੇ ਰਹਿੰਦੇ ਹਨ, ਉੱਥੇ ਵੀ ਮਕਾਨ ਮਾਲਕਾਂ ਤੇ ਗੁਆਢੀਆਂ ਨੂੰ ਉੱਚੀ ਆਵਾਜ਼ ਵਿਚ ਸੰਗੀਤ ਲਾ ਕੇ ਪਰੇਸ਼ਾਨ ਕਰਦੇ ਹਨ। ਕਈ ਵਾਰ ਤਾਂ ਮਾਲਕ ਜਾਂ ਗੁਆਂਢੀ ਨੂੰ ਪੁਲਿਸ ਤੱਕ ਬੁਲਾਉਣ ਲਈ ਮਜਬੂਰ ਹੋਣਾ ਪੈਂਦਾ ਹੈ ਪਰ ਇਨ੍ਹਾਂ ਨੂੰ ਫਿਰ ਵੀ ਕੋਈ ਸ਼ਰਮ ਮਹਿਸੂਸ ਨਹੀਂ ਹੁੰਦੀ। ਪਾਰਕਾਂ ਵਿਚ ਜਾਂ ਹੋਰ ਜਨਤਕ ਥਾਵਾਂ 'ਤੇ ਬਹੁਤ ਉੱਚੀ-ਉੱਚੀ ਗੱਲਾਂ ਕਰਨ ਅਤੇ ਉੱਚੀ-ਉੱਚੀ ਹੱਸਣ ਨੂੰ ਕੈਨੇਡਾ ਦੇ ਸੱਭਿਅਕ ਲੋਕ ਚੰਗਾ ਨਹੀਂ ਸਮਝਦੇ।

ਨਵੇਂ ਆਏ ਪੰਜਾਬੀ ਘਰਾਂ ਤੋਂ ਬਾਹਰ ਖੜ੍ਹੇ ਹੋ ਕੇ ਇਕ-ਦੂਜੇ ਨੂੰ ਹਮੇਸ਼ਾ ਸੰਘ ਪਾੜਵੀਆਂ ਆਵਾਜ਼ਾਂ ਰਾਹੀਂ ਬੁਲਾਉਂਦੇ ਹਨ ਜੋ ਕੈਨੇਡਾ ਵਾਸੀਆਂ ਲਈ ਬਹੁਤ ਅਜੀਬ ਹਰਕਤ ਹੈ। ਕੈਨੇਡਾ ਵਾਸੀਆਂ ਤੋਂ ਭਾਵ ਹੈ ਇੱਥੇ ਵਸ ਰਹੇ ਗੋਰੇ ਅਤੇ ਪੁਰਾਣੇ ਵਸਨੀਕ ਜਿਨ੍ਹਾਂ ਵਿਚ ਬਹੁਤ ਪਹਿਲਾਂ ਵਸ ਚੁੱਕੇ ਦੇਸੀ (ਪੰਜਾਬੀ) ਵੀ ਸ਼ਾਮਲ ਹਨ। ਨਵੇਂ ਆਏ ਪੰਜਾਬੀ ਚੱਪਲਾਂ ਪਾ ਕੇ ਜਾਂ ਉੱਗੜ-ਦੁੱਗੜ ਕੱਪੜੇ ਪਾ ਕੇ ਘਰਾਂ ਤੋਂ ਬਾਹਰ ਘੁੰਮਦੇ ਹਨ ਜੋ ਕੈਨੇਡਾ ਦੇ ਸੱਭਿਅਕ ਲੋਕਾਂ ਨੂੰ ਪਸੰਦ ਨਹੀਂ ਹੈ। ਕਮਰਿਆਂ ਦੀ ਸਫ਼ਾਈ ਦਾ ਧਿਆਨ ਨਹੀਂ ਰੱਖਦੇ।

ਘਰ ਦਾ ਕੂੜਾ ਜਾਂ ਤਾਂ ਚੁੱਕਦੇ ਹੀ ਨਹੀਂ ਜਾਂ ਗ਼ਲਤ ਡੱਬਿਆਂ ਵਿਚ ਪਾ ਦਿੰਦੇ ਹਨ ਜਿਸ ਕਾਰਨ ਉਹ ਕੂੜਾ ਡਿਸਪੋਜ਼ੇਬਲ ਟਰੱਕ ਰਾਹੀਂ ਨਹੀਂ ਚੁੱਕਿਆ ਜਾਂਦਾ ਜਿਸ ਕਾਰਨ ਮਕਾਨ ਮਾਲਕਾਂ ਨੂੰ ਅਤੇ ਬਾਹਰ ਰੁਲ਼ ਰਹੇ ਕੂੜੇ ਨਾਲ ਆਂਢ-ਗੁਆਂਢ ਨੂੰ ਬਹੁਤ ਪਰੇਸ਼ਾਨੀ ਹੁੰਦੀ ਹੈ। ਸਰੀ, ਬਰੈਂਪਟਨ ਅਤੇ ਹੋਰ ਸ਼ਹਿਰਾਂ ਵਿਚ ਬਾਜ਼ਾਰਾਂ ਵਿਚ ਟੋਲੇ ਬਣਾ ਕੇ ਹੁੱਲੜਬਾਜ਼ੀ ਕੈਨੇਡਾ ਦੇ ਵਸਨੀਕਾਂ ਨੂੰ ਬਿਲਕੁਲ ਪਸੰਦ ਨਹੀਂ ਹੈ।

ਅਜਿਹੇ ਪੰਜਾਬੀਆਂ ਦੀ ਗਿਣਤੀ ਭਾਵੇਂ ਥੋੜ੍ਹੀ ਹੀ ਹੈ ਪਰ ਬਦਨਾਮੀ ਸਾਰੀ ਪੰਜਾਬੀ ਕੌਮ ਦੀ ਹੋ ਜਾਂਦੀ ਹੈ।

ਕਈ ਨਵੇਂ ਆਏ ਸੱਜਣ ਗਿਲਾ ਕਰਦੇ ਹਨ ਕਿ ਉਨ੍ਹਾਂ ਨੂੰ ਪੁਰਾਣੇ ਕੈਨੇਡਾ ਵਾਸੀ 'ਨਫ਼ਰਤ' ਕਰਦੇ ਹਨ। ਭਾਈ ਸ਼ਰੀਫ਼ ਇਨਸਾਨੋ ''ਜੇ ਸਿੱਕੇ ਆਪਣੇ ਹੀ ਖੋਟੇ ਹੋਣ ਤਾਂ ਬਾਣੀਏ ਨੂੰ ਦੋਸ਼ ਕਾਹਦਾ।''

ਨਵੇਂ ਪਹੁੰਚੇ ਪੰਜਾਬੀਆਂ ਨੂੰ ਬੇਨਤੀ ਹੈ ਕਿ ਉਹ ਅਜਿਹੀਆਂ ਹਰਕਤਾਂ ਤੋਂ ਟਲਣ ਤੇ ਕੈਨੇਡਾ 'ਚ ਪਹੁੰਚ ਕੇ ਉਨ੍ਹਾਂ ਦੇ ਸੱਭਿਆਚਾਰ ਦੀਆਂ ਚੰਗੀਆਂ ਗੱਲਾਂ ਨੂੰ ਗੰਭੀਰਤਾ ਨਾਲ ਗ੍ਰਹਿਣ ਕਰਨ।

**-ਗੁਰਦੀਪ ਜੌਹਲ**


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



One solution for oxygen at home, away, and for travel



Introducing the INOGEN ONE
It's oxygen therapy on your terms
No more tanks to refill. No more deliveries.
No more hassles with travel. The INOGEN ONE portable oxygen concentrator is designed to provide unparalleled freedom for oxygen therapy users. It's small, lightweight, clinically proven for stationary and portable use, during the day and at night, and can **go virtually anywhere — even on most airlines.**
Inogen accepts Medicare and many private insurances!

Reclaim Your Freedom And Independence NOW!

inogen




Call Inogen Today To Request Your FREE Info Kit

1-855-578-6985

A+

© 2020 Inogen, Inc. All rights reserved.
MKT-P0108

# ਪੰਜਾਬ ਤੋਂ ਕਿਵੇਂ ਰੁਕੇਗਾ ਪਰਵਾਸ?



ਕਈਆਂ ਨੇ ਆਪਣੇ ਸਿਰ ਲੱਖਾਂ ਰੁਪਏ ਦੇ ਕਰਜ਼ੇ ਚਾੜ੍ਹੇ ਤੇ ਜਹਾਜ਼ ਦੀ ਬਾਰੀ ਨੂੰ ਹੱਥ ਪਾਇਆ ਪਰ ਉਨ੍ਹਾਂ ਨੂੰ ਵੀ ਅੱਧਵਾਟਿਓਂ ਅਧੂਰੇ ਸੁਪਨਿਆਂ ਨਾਲ ਮੁੜਨਾ ਪਿਆ। ਹਰ ਵਾਰੀ ਇਹ ਕਹਿ ਕੇ ਪੱਲਾ ਨਹੀਂ ਝਾੜਿਆ ਜਾ ਸਕਦਾ ਕਿ ਸਰਕਾਰ ਦੀਆਂ ਨੀਤੀਆਂ, ਬੇਰੁਜ਼ਗਾਰੀ, ਗੈਂਗਸਟਰਵਾਦ ਤੇ ਨਸ਼ੇ ਕਾਰਨ ਨੌਜਵਾਨ ਵਿਦੇਸ਼ਾਂ ਵੱਲ ਰੁਖ਼ ਕਰ ਰਹੇ ਹਨ।

ਪੰਜਾਬ ਦੇ ਕੁਝ ਖਿੱਤੇ ਇਸ ਗੱਲੋਂ ਮਸ਼ਹੂਰ ਹਨ ਕਿ ਉਨ੍ਹਾਂ ਦੇ ਹਰੇਕ ਘਰ 'ਚੋਂ ਘੱਟੋ-ਘੱਟ ਇਕ ਵਿਅਕਤੀ ਵਿਦੇਸ਼ 'ਚ ਜ਼ਰੂਰ ਵਸਿਆ ਹੋਇਆ ਹੈ। ਦੋਆਬਾ ਇਸ ਗੱਲ ਲਈ ਸਭ ਤੋਂ ਮੂਹਰੇ ਹੈ। ਵਿਦੇਸ਼ਾਂ ਵੱਲ ਵੱਡੇ ਪੱਧਰ 'ਤੇ ਲੋਕਾਂ ਦੇ ਪਰਵਾਸ ਦੀ ਜਦੋਂ ਜੜ੍ਹ ਫਰੋਲੀ ਜਾਂਦੀ ਹੈ ਤਾਂ ਅਕਸਰ ਇਹ ਕਿਹਾ ਜਾਂਦਾ ਹੈ ਕਿ ਆਪਣੇ ਮੁਲਕ 'ਚ ਜਿਹੜਾ ਕੰਮ ਕਰਨ ਮਗਰੋਂ ਨਿਗੂਣੀ ਉਜਰਤ ਹਾਸਲ ਹੁੰਦੀ ਹੈ, ਉਸੇ ਕੰਮ ਨਾਲ ਵਿਦੇਸ਼ਾਂ 'ਚ ਚੋਖੀ ਕਮਾਈ ਹੁੰਦੀ ਹੈ।

ਕਿਤੇ ਨਾ ਕਿਤੇ ਇਹ ਗੱਲ ਸੱਚ ਵੀ ਹੈ। ਹਾਲਾਂਕਿ ਵਿਦੇਸ਼ਾਂ ਵੱਲ ਪਰਵਾਸ ਕਰਨ ਦੇ ਇਕ ਨਹੀਂ ਕਈ ਹੋਰ ਕਾਰਨ ਵੀ ਹੋ ਸਕਦੇ ਹਨ ਪਰ ਆਰਥਿਕ ਮਜਬੂਰੀ ਸਭ ਤੋਂ ਅਹਿਮ ਕਾਰਨ ਹੈ। ਪਿਛਲੇ ਕੁਝ ਕੁ ਸਾਲਾਂ ਤੋਂ ਪੰਜਾਬ ਦੇ ਨੌਜਵਾਨਾਂ ਲਈ ਇਹ ਕਦਮ ਨੁਕਸਾਨਦੇਹ ਸਾਬਤ ਹੋ ਰਹੇ ਹਨ।

ਵਿਦੇਸ਼ ਮੰਤਰਾਲੇ ਦੀ 2023 ਦੀ ਲੋਕ ਸਭਾ 'ਚ ਸਾਂਝੀ ਕੀਤੀ ਜਾਣਕਾਰੀ ਮੁਤਾਬਕ ਇਕ ਕਰੋੜ 33 ਲੱਖ 83 ਹਜ਼ਾਰ 718 ਭਾਰਤੀ ਨਾਗਰਿਕਾਂ ਨੇ ਵਿਦੇਸ਼ਾਂ ਦਾ ਰੁਖ਼ ਕੀਤਾ ਹੈ। ਇਹ ਅੰਕੜਾਂ ਕੁਝ ਸਾਲਾਂ 'ਚ ਕਰੋੜਾਂ ਦੀ ਗਿਣਤੀ ਨੂੰ ਪਾਰ ਕਰ ਗਿਆ ਹੈ ਤੇ ਇਹ ਲਗਾਤਾਰ ਵਧ ਰਿਹਾ ਹੈ। ਦੂਜੇ ਪਾਸੇ ਪਿਛਲੇ ਕੁਝ ਸਾਲਾਂ ਤੋਂ ਵਿਦੇਸ਼ਾਂ 'ਚ ਖਾਸਕਰ ਪੰਜਾਬ ਦੇ ਨੌਜਵਾਨਾਂ ਨਾਲ ਹੋਈਆਂ ਧੋਖਾਧੜੀਆਂ ਦੀਆਂ ਖ਼ਬਰਾਂ ਨੇ ਸੋਚਣ ਲਈ ਮਜਬੂਰ ਕੀਤਾ ਹੈ।

ਮੈਕਸੀਕੋ ਦੀ ਕੰਧ ਤੱਕ ਅੱਪੜਨ ਲਈ ਪਨਾਮਾ ਦੇ ਜੰਗਲਾਂ ਦਾ ਖ਼ੌਫ਼ਨਾਕ ਸਫ਼ਰ ਤੇ ਇਸ ਸਫ਼ਰ ਦੌਰਾਨ ਅੱਧਵਾਟੇ ਜਾਨ ਗਵਾਉਣ ਵਾਲੇ ਨੌਜਵਾਨਾਂ ਦੀ ਗਿਣਤੀ ਬਹੁਤ ਵੱਡੀ ਹੈ। ਜੂਨ 2025 'ਚ ਸੂਬੇ ਦੇ ਤਿੰਨ ਨੌਜਵਾਨਾਂ ਨੂੰ ਈਰਾਨ 'ਚ ਏਜੰਟ ਦੀ ਠੱਗੀ ਦਾ ਸ਼ਿਕਾਰ ਹੋਣਾ ਪਿਆ। ਬੇਸ਼ੱਕ ਆਪਣੀਆਂ ਨਵੀਆਂ ਨੀਤੀਆਂ ਤਹਿਤ ਅਮਰੀਕਾ ਦੀ ਨਵੀਂ ਟਰੰਪ ਸਰਕਾਰ ਨੇ ਦੇਸ਼ ਦੇ ਹੋਰ ਹਿੱਸਿਆਂ ਸਣੇ ਪੰਜਾਬ ਦੇ ਸੈਂਕੜੇ ਨੌਜਵਾਨਾਂ ਨੂੰ 'ਡਿਪੋਰਟ' ਕੀਤਾ ਪਰ ਇਸੇ ਸਾਲ ਮਈ ਮਹੀਨੇ ਕੋਲੰਬੀਆ 'ਚ ਫਸੇ ਪੰਜ ਨੌਜਵਾਨਾਂ ਦੀ ਮਦਦ ਦੀ ਅਪੀਲ ਵਾਲੀ ਵੀਡੀਓ ਨੇ ਸਾਰਿਆਂ ਨੂੰ ਇਸ ਪਾਸੇ ਸੋਚਣ ਲਈ ਮਜਬੂਰ ਕਰ ਦਿੱਤਾ।

ਮਈ 2022 'ਚ ਸਾਊਦੀ ਅਰਬ 'ਚ ਫਸੇ ਕਰੀਬ 28 ਪੰਜਾਬੀ ਨੌਜਵਾਨਾਂ ਨੇ ਵੀ ਇਕ ਵੀਡੀਓ ਰਾਹੀਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਦਦ ਦੀ ਗੁਹਾਰ ਲਗਾਈ ਸੀ। ਇਨ੍ਹਾਂ ਨੌਜਵਾਨਾਂ ਨੇ ਟਰੈਵਲ ਏਜੰਟਾਂ 'ਤੇ ਧੋਖਾਧੜੀ ਦਾ ਇਲਜ਼ਾਮ ਲਗਾਇਆ ਸੀ। ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਆਪਣੇ ਪੱਧਰ 'ਤੇ ਵਿਦੇਸ਼ਾਂ ਵਿਚ ਫਸੇ ਹੋਏ ਪੰਜਾਬੀ ਨੌਜਵਾਨਾਂ ਨੂੰ ਬਚਾਉਣ ਲਈ ਉਪਰਾਲੇ ਕਰਦੀਆਂ ਹਨ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਇਸ ਪਾਸੇ ਉਚੇਚਾ ਕੰਮ ਕੀਤਾ ਜਾ ਰਿਹਾ ਹੈ। ਵਿਦੇਸ਼ਾਂ 'ਚ ਪਰਵਾਸ ਮਗਰੋਂ ਉਥੋਂ ਦੀਆਂ ਤਲਖ਼ ਹਕੀਕਤਾਂ ਦੇ ਬਾਵਜੂਦ ਜੇ ਨੌਜਵਾਨਾਂ ਦਾ ਰੁਝਾਨ ਘਟਣ ਦਾ ਨਾਂ ਨਹੀਂ ਲੈ ਰਿਹਾ ਤਾਂ ਇਹ ਸੋਚਣ ਦਾ ਵਿਸ਼ਾ ਹੈ।

ਬੇਸ਼ੱਕ ਆਪਣੇ ਮੁਲਕ 'ਚ ਰੁਜ਼ਗਾਰ ਦੇ ਸਹੀ ਮੌਕੇ ਨਾ ਮਿਲਣਾ ਤੇ ਇਸ ਤੋਂ ਮਿਲਣ ਵਾਲੀ ਸਹੀ ਉਜਰਤ ਪਰਵਾਸ ਦੀ ਅਸਲ ਜੜ੍ਹ ਹੈ ਪਰ ਬਿਨਾਂ ਸੋਚੇ ਸਮਝੇ ਆਪਣੇ ਆਪ ਨੂੰ ਖ਼ਤਰਿਆਂ ਦੇ ਵੱਸ ਪਾ ਦੇਣਾ ਵੀ ਕੋਈ ਵੱਡੀ ਅਕਲਮੰਦੀ ਨਹੀਂ ਹੈ। ਪਿਛਲੇ ਦਿਨੀਂ ਡਿਪੋਰਟ ਹੋਏ ਨੌਜਵਾਨਾਂ ਦੇ ਮਾਮਲੇ 'ਚ ਹੈਰਾਨੀਜਨਕ ਖ਼ੁਲਾਸੇ ਹੋਏ ਹਨ। ਇਨ੍ਹਾਂ ਨੌਜਵਾਨਾਂ ਨੇ ਹਰ ਹੀਲੇ ਵਿਦੇਸ਼ ਪੁੱਜਣ ਲਈ ਚਾਲੀ ਤੋਂ ਪੰਜਾਹ ਲੱਖ ਰੁਪਏ ਖ਼ਰਚੇ।

ਵਿਦੇਸ਼ਾਂ ਵੱਲ ਰੁਖ਼ ਕਰਨ ਕਰ ਕੇ ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ। ਅੱਜਕੱਲ੍ਹ ਸੋਸ਼ਲ ਮੀਡੀਆ ਦੇ ਜ਼ਮਾਨੇ 'ਚ ਵਿਦੇਸ਼ਾਂ ਦੀ ਚਕਾਚੌਂਧ ਦੇਖ ਕੇ ਗਏ ਬਹੁਤੇ ਨੌਜਵਾਨਾਂ ਦੇ ਪੱਲੇ ਘੋਰ ਨਿਰਾਸ਼ਾ ਪੈਂਦੀ ਹੈ। ਸੂਬੇ 'ਚ 2016 ਤੋਂ ਫਰਵਰੀ 2021 ਤੱਕ ਨੌਂ ਲੱਖ 84 ਹਜ਼ਾਰ ਨੌਜਵਾਨ ਪੰਜਾਬ ਦੇ ਪਿੰਡਾਂ ਅਤੇ ਚੰਡੀਗੜ੍ਹ ਤੋਂ ਵਿਦੇਸ਼ 'ਚ ਜਾ ਕੇ ਵਸੇ ਹਨ। 'ਲੇਬਰ' ਤੇ 'ਹੁਨਰਮੰਦ ਲੇਬਰ' 'ਚ ਬਹੁਤ ਫ਼ਰਕ ਹੁੰਦਾ ਹੈ। ਕਿੱਤਾਕਾਰੀ ਕੋਰਸ ਕਰ ਕੇ ਬਾਜ਼ਾਰ 'ਚ ਧਰਿਆ ਪੈਰ ਖਾਲੀ ਡਿਗਰੀ ਲੈ ਕੇ ਇੰਟਰਵਿਊ 'ਚ ਬੈਠਣ ਤੋਂ ਕਿਤੇ ਲਾਭਕਾਰੀ ਹੁੰਦਾ ਹੈ।

ਬਹੁਤੇ ਨੌਜਵਾਨਾਂ ਨੂੰ ਇਸ ਗੱਲ ਦਾ ਇਲਮ ਨਹੀਂ ਹੁੰਦਾ ਕਿ ਉਹ ਸਿਰਫ਼ 12 ਜਮਾਤਾਂ ਜਾਂ ਬੀਏ ਦੀ ਡਿਗਰੀ ਹਾਸਲ ਕਰਨ ਨਾਲ ਬਾਜ਼ਾਰ ਦੀ ਕਿਸੇ ਵੀ ਮੰਗ ਨੂੰ ਪੂਰੀ ਨਹੀਂ ਕਰ ਸਕਣਗੇ। ਹੱਥੀਂ ਹੁਨਰ ਸਿੱਖਣਾ ਸਮੇਂ ਦੀ ਅਹਿਮ ਲੋੜ ਹੈ। ਅੰਨ੍ਹੇਵਾਹ ਹੋ ਰਹੇ ਪਰਵਾਸ ਨੂੰ ਰੋਕਣ ਲਈ ਨੌਜਵਾਨਾਂ ਨੂੰ ਦੇਸ਼ ਅੰਦਰ ਰੁਜ਼ਗਾਰ ਦੇ ਮੌਕਿਆਂ ਪ੍ਰਤੀ ਜਾਗਰੂਕ ਕਰਨ ਦੀ ਲੋੜ ਹੈ। ਦੂਜੇ ਪਾਸੇ ਸਰਕਾਰਾਂ ਦਾ ਫ਼ਰਜ਼ ਹੈ ਕਿ ਉਦਯੋਗਿਕ ਵਿਕਾਸ ਦੇ ਨਾਲ-ਨਾਲ ਨੌਕਰੀਆਂ ਦੀ ਸਿਰਜਣਾ ਕੀਤੀ ਜਾਵੇ ਤੇ ਕਿਰਤ ਦਾ ਸਹੀ ਮਿਹਨਤਾਨਾ ਦੇਣ ਦੀਆਂ ਕੋਸ਼ਿਸ਼ਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ ਤਾਂ ਜੋ ਆਪਣੇ ਮੁਲਕ 'ਚ ਰਹਿ ਕੇ ਮਿਹਨਤ ਕਰਨਾ ਨੌਜਵਾਨਾਂ ਲਈ ਮਜਬੂਰੀ ਨਹੀਂ, ਮਾਣ ਵਾਲੀ ਗੱਲ ਹੋਵੇ।

**ਜਗਜੀਵਨ ਮੀਤ**

A CREATIVE DESIGN & PRINT SOURCE
This property is located at 10220 Railway Avenue, Richmond, BC, in the neighbourhood of Steveston North.

$2,800,000



SOLD

Richmond

**8811 Saunders Rd**

Prime Location! Well kept 2 story house good size nice lot 6,000 sq. ft in a desirable neighborhood in North Delta. This house offers 3 beds and 1.5 baths on main floor.



# KULVIR SAHOTA PREC.

## 778.863.2472

sahotakulvir@gmail.com

**Top-selling Agent in Surrey Office**
**Since 2017, 2018, 2019, 2020, 50 SOLD in 2021**

Medallion Member
2017, 2018, 2019

Planet Group Realty Inc.
#266 - 8128 128 Street
Surrey, BC V3W 1R1
Tel: 604-572-1008

### 14056 75 Ave Surrey




List Price $1,399,000
Fully renovated, 2 one bedroom basements, he rented for Approx. 6000+Utilities, Open house Sat/ Sun 2-4 PM

### 12846 78 Ave Surrey




List Price $1,349,000
Excellent Opportunity to buy a 4-level Split House in West Newton, 7 Bed 4 Bath. 4 bed and 3 full bath upstairs for the main house. The property contains 2 unauthorized accommodations (2+1). The whole house rented for $6500. Walking Distance to School, Public Transit, Shopping,

### 101 8655 King George Blvd. Surrey




List Price $829,000
CREEKSIDE VILLAGE. 2 level clean bright CORNER UNIT with 3 beds & 2.5 baths. Tiled entry, sliders to patio. priv. yard. BEAR CREEK PARK nearby,

### 314-7445 120 Street




Apartment 1 bed 1 bath, 650 sf ,
Asking: 489K

### 103 13725 72A AVENUE




This 2 Bedroom and 2 Bathroom Attractive and Beautiful located in one of the best neighborhoods in Surrey is a MUST SEE!! With almost everything required in the closest vicinity, Bear Creek Elementary, Frank Hurt Secondary. This townhouse is close to transit, library, parks, theatre, restaurants & shopping, which makes it the perfect area for your next home. Asking: 699K

### 6 12711 64 AVENUE



3 bedrooms upstairs and 4 bathrooms, over 1500 square feet of living space, laminate flooring, stainless steel appliances, granite countertops, hot water tank (2019). Kitchen with large eating area. Central location. Well maintained "Palette on the Park" complex. Walking distance to Tamanawis Secondary, Panorama Ridge, Beaver Creek, Transit & Tamanawis Park are steps away!

**Asking $869K**

### Renovated house in East Newton, 13930 77 Ave Surrey BC




6bed 4 baths, 3bed & 2 bath up, two basement suites (2+1), 12000 Sf lot, close to both schools

### 124 13725 72A AVENUE SURREY




2 Bedroom and 2 Bathroom Attractive and Beautiful townhouse located in one of the best neighborhoods in Surrey is a MUST SEE!! Asking: 749K



77 15151 Edmund Drive, Surrey. 3 Bed+Den, 3 Bath A centrally located unit within walking distance to all banks, restaurants, dollarama, shoppers drug mart. A list of recreation facilities & amenities, including YMCA, Fresh Street Market & Panorama Village Centre, all within walking distance.

Asking $949K

### 314-7445 120 Street




Apartment 1 bed 1 bath, 650 sf ,
Asking: 489K




2 bed
2 bath apartment at Scott & Nicholson Complex Delta.
Close to Surrey Sikh temple.

### 18, 6162 138 St Surrey BC




Renovated townhouse in popular Sullivan Heights 3 Bed, 3 bath, the 2 car Garage Parking. Master bedroom has a mountain view.

Asking Price 769K.

### #11 16357 15 AVE, SURREY




### #22 12730 66 AVE SURREY




### 6139 142 ST SURREY




### #201 13893 74 AVE SURREY




### 14071 59A AVE, SURREY




### 14948 62 AVE SURREY




### 11700 85B AVE DELTA




### #34 9088 HOLT RD. SURREY




### 11826 87 AVE, DELTA




### #202 7445 120 ST, DELTA




### #138 13898 64 AVE SURREY




### 13343 STAMFORD PLACE SURREY




### 10014 120 ST SURREY




### #100 5888 144 ST SURREY




### #71 13706 74 AVE SURREY



# A1 SPORTS.CA

**6638 152A St Unit 109, Surrey BC V3X 7J1**
**13375 72 Ave, Surrey, BC V3W 2N5**



## 604-597-8356




**WE CAN PRINT OR EMBROIDER
YOUR COMPANY
LOGO OR NAME
ON ANY HATS, SHIRTS,
JACKETS AND PANTS**

**ਸਕਿਊਰਿਟੀ ਗਾਰਡਾਂ ਵਾਸਤੇ ਜੈਕਟਾਂ,
ਸ਼ਰਟਾਂ, ਗਰਮ ਟੋਪੀਆਂ**



- TEAM UNIFORMS
- CORPORATE LOGOS
- CUSTOM EMBROIDERY
- SCREEN PRINTING
- ALL PROMOTIONAL ITEMS

**SECURITY JACKETS, SHIRTS AND ACCESSORIES**




**20 ਤੋਂ ਵੱਧ ਡਿਜ਼ਾਇਨਾ ਵਿੱਚ ਟਰੈਕ ਸੂਟ,
ਜੈਕਟਾਂ,ਪਜਾਮੇ, ਕੋਟੀਆਂ**



# ਦਿਲ ਦੀਆਂ ਬਿਮਾਰੀਆਂ ਲਈ ਵਰਦਾਨ ਹੈ ਸ਼ਕਰਕੰਦੀ

ਸ਼ਕਰਕੰਦੀ ਸਰੀਰ ਨੂੰ ਕਈ ਬੀਮਾਰੀਆਂ ਤੋਂ ਬਚਾਉਣ 'ਚ ਵੀ ਮਦਦ ਕਰਦੀ ਹੈ।

ਇਸ ਦੀ ਵਰਤੋਂ ਲੋਕਾਂ ਵਲੋਂ ਉਬਾਲ ਕੇ, ਚਾਟ ਬਣਾ ਕੇ ਕੀਤੀ ਜਾਂਦੀ ਹੈ। ਸ਼ਕਰਕੰਦੀ 'ਚ ਫ਼ਾਈਬਰ, ਐਂਟੀ-ਆਕਸੀਡੈਂਟ, ਵਿਟਾਮਿਨ ਅਤੇ ਲਵਣ ਵਰਗੇ ਤੱਤ ਵੱਡੀ ਮਾਤਰਾ 'ਚ ਮਿਲ ਜਾਂਦੇ ਹਨ, ਜੋ ਸਰੀਰ ਲਈ ਫ਼ਾਇਦੇਮੰਦ ਹਨ। ਸ਼ਕਰਕੰਦੀ ਸਰੀਰ ਨੂੰ ਕਈ ਬੀਮਾਰੀਆਂ ਤੋਂ ਬਚਾਉਣ 'ਚ ਵੀ ਮਦਦ ਕਰਦੀ ਹੈ।



**ਸ਼ੂਗਰ 'ਚ ਫ਼ਾਇਦੇਮੰਦ**: ਜੇਕਰ ਤੁਹਾਨੂੰ ਸ਼ੂਗਰ ਹੈ ਤਾਂ ਸ਼ਕਰਕੰਦੀ ਦਾ ਸੇਵਨ ਕਰੋ। ਇਸ 'ਚ ਅਜਿਹੇ ਤੱਤ ਹੁੰਦੇ ਹਨ ਜੋ ਬਲੱਡ ਸ਼ੂਗਰ ਨੂੰ ਨੂੰ ਕੰਟਰੋਲ 'ਚ ਰਖਦੇ ਹਨ।

**ਦਿਲ ਦੀਆਂ ਬੀਮਾਰੀਆਂ ਤੋਂ ਬਚਾਅ**: ਸ਼ਕਰਕੰਦੀ ਖਾਣ ਨਾਲ ਸਰੀਰ ਦਾ ਕੋਲੈਸਟ੍ਰੋਲ ਪੱਧਰ ਸੰਤੁਲਤ ਰਹਿੰਦਾ ਹੈ। ਅਪਣੇ ਖਾਣੇ 'ਚ ਰੋਜ਼ਾਨਾ 1 ਸ਼ਕਰਕੰਦੀ ਦੀ ਵਰਤੋਂ ਜ਼ਰੂਰ ਕਰੋ ਕਿਉਂਕਿ ਇਸ 'ਚ ਕਾਪਰ, ਵਿਟਾਮਿਨ-ਬੀ 6 ਹੁੰਦਾ ਹੈ। ਇਸ ਨਾਲ ਦਿਲ ਸਿਹਤਮੰਦ ਰਹਿੰਦਾ ਹੈ। ਸ਼ਕਰਕੰਦੀ ਦੀ ਵਰਤੋਂ ਕਰਨ ਨਾਲ ਤੁਸੀਂ ਦਿਲ ਦੀਆਂ ਬੀਮਾਰੀਆਂ ਤੋਂ ਬਚੇ ਰਹਿੰਦੇ ਹੋ।

**ਅੱਖਾਂ ਦੀ ਰੌਸ਼ਨੀ**: ਲਗਾਤਾਰ ਕੰਪਿਊਟਰ ਅਤੇ ਮੋਬਾਈਲ ਫ਼ੋਨ ਦੀ ਵਰਤੋਂ ਕਰਨ ਨਾਲ ਅੱਜਕਲ ਘੱਟ ਉਮਰ ਦੇ ਬੱਚਿਆਂ, ਨੌਜਵਾਨਾਂ ਦੀਆਂ ਅੱਖਾਂ ਦੀ ਰੌਸ਼ਨੀ ਘੱਟ ਹੋ ਜਾਂਦੀ ਹੈ। ਅਜਿਹੇ ਵਿਚ ਸ਼ਕਰਕੰਦੀ ਦੀ ਵਰਤੋਂ ਕਰਨੀ ਚਾਹੀਦੀ ਹੈ ਜੋ ਅੱਖਾਂ ਦੀ ਰੌਸ਼ਨੀ ਨੂੰ ਤੇਜ਼ ਕਰਨ ਵਿਚ ਫ਼ਾਇਦੇਮੰਦ ਸਾਬਤ ਹੁੰਦੀ ਹੈ।

**ਝੁਰੜੀਆਂ ਘੱਟ ਕਰੇ**: ਵਧਦੀ ਉਮਰ ਦੇ ਨਾਲ-ਨਾਲ ਚਿਹਰੇ 'ਤੇ ਝੁਰੜੀਆਂ ਦੇ ਨਿਸ਼ਾਨ ਪੈਣ ਲਗਦੇ ਹਨ। ਅਜਿਹੇ 'ਚ ਸ਼ਕਰਕੰਦੀ ਖਾਣੀ ਬਹੁਤ ਫ਼ਾਇਦੇਮੰਦ ਹੈ। ਇਸ 'ਚ ਮੌਜੂਦ ਵੀਟਾ ਕੈਰੋਟੀਨ ਸਰੀਰ 'ਚ ਫ੍ਰੀ-ਰੈਡੀਕਲਸ ਨਾਲ ਲੜਦਾ ਹੈ, ਜਿਸ ਨਾਲ ਚਿਹਰੇ 'ਤੇ ਜਲਦੀ ਝੁਰੜੀਆਂ ਨਹੀਂ ਪੈਂਦੀਆਂ।

**ਅਸਥਮਾ ਰੋਗੀ ਲਈ ਫ਼ਾਇਦੇਮੰਦ**: ਨੱਕ, ਸਾਹ ਵਾਲੀ ਨਲੀ ਅਤੇ ਫੇਫੜਿਆਂ 'ਚ ਕਫ਼ ਜੰਮਣ ਨਾਲ ਅਸਥਮਾ ਰੋਗੀਆਂ ਨੂੰ ਕਾਫ਼ੀ ਪ੍ਰੇਸ਼ਾਨੀ ਹੁੰਦੀ ਹੈ। ਅਜਿਹੇ 'ਚ ਰੋਜ਼ 1 ਸ਼ਕਰਕੰਦੀ ਉਬਾਲ ਕੇ ਖਾਣ ਨਾਲ ਕਫ਼ ਦੀ ਸਮੱਸਿਆ ਦੂਰ ਹੋ ਜਾਂਦੀ ਹੈ ਅਤੇ ਅਸਥਮਾ ਰੋਗੀ ਨੂੰ ਆਰਾਮ ਮਿਲਦਾ ਹੈ।

# ਅੰਬ ਦੇ ਨਾਲ-ਨਾਲ ਇਸ ਦੀ ਗੁਠਲੀ ਵੀ ਵਰਦਾਨ



ਅੰਬ ਦੀ ਵਰਤੋਂ ਸਿਰਫ਼ ਫਲ ਦੇ ਤੌਰ 'ਤੇ ਹੀ ਨਹੀਂ ਸਗੋਂ ਚਟਣੀ, ਪੰਨਾ, ਜੂਸ, ਕੈਂਡੀ, ਆਚਾਰ, ਖਟਾਈ, ਸ਼ੇਕ, ਅੰਬ ਪਾਪੜ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਬਣਾਉਣ 'ਚ ਵੀ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਅੰਬ ਖਾਣ ਨਾਲ ਸਰੀਰ ਕਈ ਬੀਮਾਰੀਆਂ ਤੋਂ ਵੀ ਬਚਿਆ ਰਹਿੰਦਾ ਹੈ।

ਅੰਬ ਖਾਣ ਨਾਲ ਸਿਹਤ ਨੂੰ ਕਈ ਫ਼ਾਇਦੇ ਹੁੰਦੇ ਹਨ। ਅੰਬ ਦੇ ਨਾਲ-ਨਾਲ ਇਸ ਦੀ ਗੁਠਲੀ ਵੀ ਕਾਫ਼ੀ ਲਾਭਦਾਇਕ ਹੈ। ਅੰਬ 'ਚ ਮੌਜੂਦ ਐਂਟੀਆਕਸੀਡੈਂਟ ਕੈਂਸਰ ਤੋਂ ਬਚਾਅ ਕਰਦਾ ਹੈ। ਇਸ 'ਚ ਤੰਦਰੁਸਤੀ ਦੇ ਅਜਿਹੇ ਗੁਣ ਮੌਜੂਦ ਹੁੰਦੇ ਹਨ ਜੋ ਕੈਂਸਰ ਤੋਂ ਬਚਾਅ ਕਰਨ 'ਚ ਮਦਦਗਾਰ ਹੁੰਦੇ ਹਨ। ਅੰਬ 'ਚ ਵਿਟਾਮਿਨ ਏ ਭਰਪੂਰ ਹੁੰਦਾ ਹੈ ਜੋ ਅੱਖਾਂ ਲਈ ਵਰਦਾਨ ਹੈ। ਇਸ ਨਾਲ ਅੱਖਾਂ ਦੀ ਰੋਸ਼ਨੀ ਬਣੀ ਰਹਿੰਦੀ ਹੈ।

ਅੰਬ 'ਚ ਫ਼ਾਈਬਰ ਅਤੇ ਵਿਟਾਮਿਨ ਸੀ ਬਹੁਤ ਹੁੰਦਾ ਹੈ ਜੋ ਸਰੀਰ 'ਚ ਕੈਲੇਸਟਰੋਲ ਦੀ ਮਾਤਰਾ ਨੂੰ ਕੰਟਰੋਲ 'ਚ ਰਖਦੇ ਹਨ। ਅੰਬ ਦੇ ਗੁੱਦੇ ਦਾ ਪੈਕ ਲਗਾਉਣ ਨਾਲ ਉਸ ਨੂੰ ਚਿਹਰੇ 'ਤੇ ਮਲਣ ਨਾਲ ਚਿਹਰੇ 'ਤੇ ਨਿਖਾਰ ਆਉਂਦਾ ਹੈ ਅਤੇ ਵਿਟਾਮਿਨ ਸੀ ਇਨਫ਼ੈਕਸ਼ਨ ਤੋਂ ਬਚਾਅ ਕਰਦਾ ਹੈ। ਮੋਟਾਪਾ ਘੱਟ ਕਰਨ ਲਈ ਅੰਬ ਇਕ ਚੰਗਾ ਉਪਾਅ ਹੈ। ਅੰਬ ਦੀ ਗੁਠਲੀ 'ਚ ਮੌਜੂਦ ਰੇਸ਼ੇ ਸਰੀਰ ਦੀ ਫ਼ਾਲਤੂ ਚਰਬੀ ਨੂੰ ਘੱਟ ਕਰਨ 'ਚ ਬਹੁਤ ਹੀ ਫ਼ਾਇਦੇਮੰਦ ਹੁੰਦੇ ਹਨ। ਅੰਬ ਖਾਣ ਦੇ ਬਾਅਦ ਭੁੱਖ ਵੀ ਘੱਟ ਲਗਦੀ ਹੈ। ਅੰਬ ਖਾਣ ਨਾਲ ਸਰੀਰ 'ਚ ਰੋਗਾਂ ਨਾਲ ਲੜਨ ਦੀ ਤਾਕਤ 'ਚ ਵਾਧਾ ਹੁੰਦਾ ਹੈ। ਜਿਨ੍ਹਾਂ ਲੋਕਾਂ ਨੂੰ ਭੁਲਣ ਦੀ ਬੀਮਾਰੀ ਹੈ ਉਨ੍ਹਾਂ ਨੂੰ ਅੰਬ ਦੀ ਵਰਤੋਂ ਕਰਨੀ ਚਾਹੀਦੀ ਹੈ।

REAL PLUMBING
EMERGENCY SERVICE
7 DAYS A WEEK

FAST SERVICE
HOT WATER TANKS
SOLD - SERVICED
AND REMOVED
ਕਿਸੇ ਵੀ ਤਰ੍ਹਾਂ ਦੀ ਪਲਬਿੰਗ ਦੀ ਪ੍ਰੋਬਲਮ ਹੈ
ਤਾਂ ਫੋਨ ਕਰੋ
ਸਤਵਿੰਦਰ ਰੀਹਲ
Satwinder Reehal
604-327-5096

RIGHTWAY
PAINTING
ਵਧੀਆ ਕੰਮ-ਵਾਜਿਬ ਕੀਮਤ
Commercial & Residential
GENERAL PAINT
THE PAINT EXPERTS
QUALITY WORKMANSHIP
- Stucco Painting
- Driveway Sealing,
- Power Washing,
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।
JASVIR BHANDAL
604-834-4335 <> 604-581-5759

# ਟਰੰਪ ਦਾ ਨਵਾਂ ਬਿੱਲ ਪਰਵਾਸੀਆਂ ਲਈ ਬਣੇਗਾ ਆਫ਼ਤ

ਅਮਰੀਕੀ ਇਤਿਹਾਸ ਦਾ ਮਹੱਤਵਪੂਰਨ ਅਤੇ ਡੋਨਲਡ ਟਰੰਪ ਦਾ ਹਰਮਨਪਿਆਰਾ ਬਿੱਲ 'ਵੱਨ ਬਿੱਗ ਬਿਊਟੀਫੁੱਲ ਬਿੱਲ' ਆਖ਼ਿਰਕਾਰ ਵੱਡੇ ਵਿਰੋਧ ਅਤੇ ਵਿਵਾਦ ਪਿੱਛੋਂ ਅਮਰੀਕੀ ਕਾਂਗਰਸ ਵਿੱਚ ਪਾਸ ਹੋ ਗਿਆ। ਇਹ ਬਿੱਲ ਪਹਿਲੀ ਜੁਲਾਈ ਨੂੰ ਸੈਨੇਟ ਵਿੱਚੋਂ 51-50 ਦੇ ਫਰਕ ਨਾਲ ਪਾਸ ਹੋ ਕੇ ਅੰਤਿਮ ਪ੍ਰਵਾਨਗੀ ਲਈ ਪ੍ਰਤੀਨਿਧੀ ਸਭਾ ਪਹੁੰਚ ਗਿਆ ਜਿੱਥੇ 3 ਜੁਲਾਈ ਨੂੰ 218-214 ਦੇ ਫਸਵੇਂ ਫਰਕ ਨਾਲ ਪਾਸ ਹੋ ਗਿਆ। 4 ਜੁਲਾਈ ਨੂੰ ਅਮਰੀਕੀ ਆਜ਼ਾਦੀ ਦਿਵਸ 'ਤੇ ਤੋਹਫ਼ੇ ਵਜੋਂ ਰਾਸ਼ਟਰਪਤੀ ਟਰੰਪ ਦੇ ਦਸਤਖ਼ਤਾਂ ਨਾਲ ਇਸ ਨੂੰ ਅੰਤਿਮ ਛੋਹ ਦੇ ਦਿੱਤੀ ਗਈ। 49% ਅਮਰੀਕੀਆਂ ਦੇ ਵਿਰੋਧ ਦੇ ਬਾਵਜੂਦ ਪਾਸ ਹੋਏ ਇਸ ਬਿੱਲ ਦੇ ਮਾੜੇ ਨਤੀਜੇ ਨਿਕਲਣੇ ਤਾਂ ਸੁਭਾਵਿਕ ਹਨ ਪਰ ਇਸਦੀ ਆਮਦ ਲਈ ਲੰਮੇ ਸਮੇਂ ਤੋਂ ਪੱਬਾਂ ਭਾਰ ਹੋਏ ਟਰੰਪ ਪ੍ਰਸ਼ਾਸਨ ਦੇ ਯਤਨਾਂ ਨੂੰ ਦੇਖਦਿਆਂ ਇਸ ਦੀ ਅਹਿਮੀਅਤ ਬਾਰੇ ਜਾਨਣਾ ਜ਼ਰੂਰੀ ਹੈ।




ਵੱਨ ਬਿੱਗ ਬਿਊਟੀਫੁੱਲ ਬਿੱਲ ਐਕਟ (OBBBA) ਮੁਤਾਬਿਕ 2017 ਦੇ ਟਰੰਪ ਟੈਕਸ ਕਟੌਤੀਆਂ (TCJA) ਦੇ ਫੈਸਲੇ ਨੂੰ ਸਥਾਈ ਤੌਰ 'ਤੇ ਵਧਾ ਦਿੱਤਾ ਗਿਆ ਹੈ ਜਿਸ ਤਹਿਤ ਸੀਨੀਅਰ ਸਿਟੀਜ਼ਨਾਂ ਨੂੰ ਕੁਝ ਖਾਸ ਸ਼ਰਤਾਂ ਤਹਿਤ ਟੈਕਸ ਰਾਹਤ ਮਿਲੇਗੀ, ਬੱਚਿਆਂ ਨੂੰ ਦਿੱਤਾ ਜਾਣ ਵਾਲਾ ਟੈਕਸ ਕਰੈਡਿਟ ਵਧ ਜਾਵੇਗਾ ਅਤੇ ਟਿਪ ਤੇ ਓਵਰਟਾਈਮ ਦੀ ਕਮਾਈ 'ਤੇ ਟੈਕਸ ਮੁਆਫ਼ੀ ਦਿੱਤੀ ਜਾਵੇਗੀ। ਇਸ ਮਾਮੂਲੀ ਰਾਹਤ ਬਦਲੇ ਮੈਡੀਕੇਡ ਖਰਚਿਆਂ, ਫੂਡ ਸਟੈਂਪ 'ਚ ਕਟੌਤੀ ਤੇ ਬਾਇਡਨ ਵੇਲੇ ਦੇ ਸਟੂਡੈਂਟਸ ਲੋਨ 'ਤੇ ਭਾਰੀ ਕੱਟ ਲਾਏ ਗਏ ਹਨ। ਮੈਡੀਕੇਡ ਕੱਟਾਂ ਨਾਲ ਦੋ ਕਰੋੜ ਲੋਕਾਂ ਨੂੰ ਸਿਹਤ ਸਹੂਲਤਾਂ ਦੀ ਰਾਹਤ ਤੋਂ ਹੱਥ ਧੋਣੇ ਪੈਣਗੇ ਤੇ ਫੂਡ ਸਟੈਂਪ (ਜਿੱਥੇ ਗਰੀਬਾਂ, ਬਜ਼ੁਰਗਾਂ ਤੇ ਅਪਾਹਜਾਂ ਨੂੰ ਮੁਫ਼ਤ ਖਾਣਾ ਮਿਲਦਾ ਹੈ) ਕੱਟਾਂ ਕਾਰਨ ਸਮਾਜ ਦੇ ਨੀਵੇਂ ਤਬਕੇ 'ਤੇ ਬੁਰਾ ਅਸਰ ਪਵੇਗਾ।

ਬਿੱਲ ਵਿੱਚ ਪੈਂਟਾਗਨ ਦਾ ਰੱਖਿਆ ਬਜਟ 8% ਤੱਕ ਵਧਾਇਆ ਜਾਵੇਗਾ। 2029 ਤੱਕ ਫੌਜ ਨੂੰ 150 ਅਰਬ ਡਾਲਰ, ਗੋਲਡਨ ਡੋਮ ਲਈ 25 ਅਰਬ ਡਾਲਰ ਅਤੇ ਇਮੀਗ੍ਰੇਸ਼ਨ ਤੇ ਕਸਟਮ ਐਨਫੋਰਸਮੈਂਟ (ICE) ਨੂੰ 150 ਅਰਬ ਡਾਲਰ ਦੇ ਫੰਡ ਦੇ ਕੇ ਅਮਰੀਕਾ ਵਿੱਚੋਂ ਪਰਵਾਸੀਆਂ ਦੇ ਉਜਾੜੇ ਦਾ ਰਾਹ ਹੋਰ ਵੱਧ ਪੱਧਰਾ ਕੀਤਾ ਜਾਵੇਗਾ। ਮੈਕਸਿਕੋ ਬਾਰਡਰ ਉੱਤੇ ਗਸ਼ਤ ਵਧਾਈ ਜਾਵੇਗੀ ਤੇ ਕੰਧ ਦੀ ਉਸਾਰੀ ਦੇ ਕੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ। ਬਾਰਡਰ ਦੀ ਉਸਾਰੀ ਲਈ 46 ਅਰਬ ਡਾਲਰ ਖ਼ਰਚੇ ਜਾਣਗੇ ਅਤੇ 45 ਅਰਬ ਡਾਲਰ ਆਈਸੀਈ ਨੂੰ ਦਿੱਤੇ ਜਾਣਗੇ ਜਿਸ ਵਿੱਚ ਪਰਵਾਸੀ ਨਜ਼ਰਬੰਦੀ ਕੈਂਪਾਂ ਵਿੱਚ ਇੱਕ ਲੱਖ ਬੈੱਡ ਬਣਾਉਣ, ਦਸ ਹਜ਼ਾਰ ਆਈਸੀਈ ਏਜੰਟ ਭਰਤੀ ਕਰਨ ਅਤੇ 10 ਅਰਬ ਡਾਲਰ ਉਨ੍ਹਾਂ ਸੂਬਿਆਂ ਨੂੰ ਸਹਾਇਤਾ ਦੇਣ ਵਜੋਂ ਰਾਖਵੇਂ ਰੱਖੇ ਹਨ ਜੋ ਪਰਵਾਸੀਆਂ ਦੀ ਗ੍ਰਿਫ਼ਤਾਰੀ ਲਈ ਆਈਸੀਈ ਦਾ ਸਹਿਯੋਗ ਕਰਨਗੇ। 350 ਅਰਬ ਡਾਲਰ ਇਮੀਗ੍ਰੇਸ਼ਨ ਲਈ ਰਾਖਵੇਂ ਹਨ। ਇਮੀਗ੍ਰੇਸ਼ਨ ਖਰਚਿਆਂ ਬਾਰੇ ਇਹ ਬਜਟ ਪਿਛਲੇ ਸਾਲਾਂ ਦੇ ਮੁਕਾਬਲੇ ਦਸ ਗੁਣਾ ਜ਼ਿਆਦਾ ਹੈ, ਜਿਸ ਨੂੰ ਅਮਰੀਕੀ ਸਮਾਜਿਕ ਕਦਰਾਂ-ਕੀਮਤਾਂ ਦੇ ਉਲਟ ਮਨੁੱਖੀ, ਸੰਵਿਧਾਨਕ ਅਤੇ ਕਿਰਤ ਕਾਨੂੰਨਾਂ ਦਾ ਘਾਣ ਕਰ ਕੇ ਅੱਗੇ ਵਧਾਇਆ ਜਾਵੇਗਾ। ਬਿੱਲ ਅਨੁਸਾਰ ਪਰਵਾਸ ਕੰਟਰੋਲ ਕਰਨ ਅਤੇ ਲੋਕਾਂ ਦੀ ਪਹੁੰਚ ਤੋਂ ਬਾਹਰ ਕਰਨ ਲਈ ਇਮੀਗ੍ਰੇਸ਼ਨ ਫੀਸਾਂ ਵਿੱਚ ਭਾਰੀ ਇਜ਼ਾਫ਼ਾ ਕੀਤਾ ਜਾਵੇਗਾ। ਗੈਰ-ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰ ਕੇ ਅਮਰੀਕਾ ਵਿੱਚ ਦਾਖਲ ਹੋਣ ਵਾਲਿਆਂ ਨੂੰ ਦੇਸ਼-ਨਿਕਾਲਾ, ਸਜ਼ਾਵਾਂ ਤੇ 5000 ਅਮਰੀਕੀ ਡਾਲਰ ਦਾ ਜੁਰਮਾਨਾ ਲਾਇਆ ਜਾਵੇਗਾ; ਸ਼ਰਨਾਰਥੀਆਂ ਵੱਲੋਂ ਅਦਾਲਤੀ ਤਰੀਕਾਂ 'ਤੇ ਗੈਰ-ਹਾਜ਼ਰ ਰਹਿਣ 'ਤੇ ਵੀ 5000 ਡਾਲਰ ਦਾ ਜੁਰਮਾਨਾ ਲੱਗੇਗਾ। ਪਰਵਾਸੀਆਂ ਵੱਲੋਂ ਆਪਣੇ ਵਤਨ ਪੈਸੇ ਭੇਜਣ ਉੱਤੇ ਟੈਕਸ ਵਧਾ ਦਿੱਤਾ ਹੈ। ਪਰਵਾਸੀ ਅਮਰੀਕਾ ਤੋਂ ਸਭ ਤੋਂ ਵੱਧ ਪੈਸਾ (2023-24 'ਚ 32.9 ਅਰਬ ਡਾਲਰ) ਭਾਰਤ ਭੇਜਦੇ ਹਨ। ਹਰੀ ਤੇ ਸ਼ੁੱਧ ਊਰਜਾ (ਪੌਣ-ਚੱਕੀ, ਸੂਰਜੀ ਤੇ ਗਰੀਨ ਊਰਜਾ) ਵਿੱਚ ਕੀਤੀਆਂ ਟੈਕਸ ਕਟੌਤੀਆਂ ਕਾਰਨ ਵਾਤਾਵਰਨਕ ਖਤਰੇ ਤੇ ਊਰਜਾ ਸ੍ਰੋਤਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਦੇ ਖ਼ਦਸ਼ੇ ਹਨ।

ਇੱਕ ਅਨੁਮਾਨ ਮੁਤਾਬਿਕ ਫੌਜੀ ਤੇ ਰੱਖਿਆ ਖਰਚਿਆਂ ਨਾਲ 2034 ਤੱਕ ਅਮਰੀਕੀ ਆਰਥਿਕਤਾ ਉੱਤੇ 2.4-3.3 ਟ੍ਰਿਲੀਅਨ ਡਾਲਰ ਦਾ ਬੋਝ ਪਵੇਗਾ ਜਿਸ ਨਾਲ ਪਹਿਲਾਂ ਤੋਂ ਹੀ ਭਾਰੀ ਕਰਜ਼ (36.2 ਟ੍ਰਿਲੀਅਨ) ਵਿੱਚ ਡੁੱਬੇ ਅਮਰੀਕਾ ਵਿੱਚ ਹੋਣ ਵਾਲੇ ਵਿਦੇਸ਼ੀ ਨਿਵੇਸ਼ ਉੱਤੇ ਅਸਰ ਪੈ ਸਕਦਾ ਹੈ। ਦੂਜੇ ਪਾਸੇ ਟੈਕਸ ਕਟੌਤੀ, ਰੱਖਿਆ ਤੇ ਇਮੀਗ੍ਰੇਸ਼ਨ ਵਾਲੇ ਖ਼ਰਚਿਆਂ ਦੀ ਭਰਪਾਈ ਸਿਹਤ, ਸਿੱਖਿਆ ਅਤੇ ਭੋਜਨ ਪ੍ਰੋਗਰਾਮ ਉੱਤੇ ਲਾਏ ਜਾਣ ਵਾਲੇ ਕੱਟਾਂ ਤੋਂ ਕੀਤੀ ਜਾਵੇਗੀ। ਇਨ੍ਹਾਂ ਕੱਟਾਂ ਤੋਂ 350 ਅਰਬ ਡਾਲਰ ਹਾਸਲ ਕੀਤੇ ਜਾਣਗੇ। ਟਰੰਪ ਦੀਆਂ ਸਿਹਤ ਸਹੂਲਤ ਸੋਧਾਂ ਕਰ ਕੇ 10 ਖਰਬ ਡਾਲਰ ਦੇ ਕੱਟ ਲਾਏ ਗਏ ਹਨ। ਭੋਜਨ ਬੈਂਕ ਲਈ ਸ਼ਰਤਾਂ ਸਖ਼ਤ ਕਰਨ ਨਾਲ ਸਭ ਤੋਂ ਗਰੀਬ, ਬੇਘਰੇ, ਬਜ਼ੁਰਗ ਤੇ ਅਪਾਹਜ ਲੋਕਾਂ ਲਈ ਹਾਲਾਤ ਬਦਤਰ ਹੋਣਗੇ ਤੇ 2034 ਤੱਕ ਇੱਕ ਕਰੋੜ ਸੱਠ ਲੱਖ ਲੋਕ ਸਿਹਤ ਬੀਮਾ ਸਹੂਲਤ ਗੁਆ ਜਾਣਗੇ। ਯੇਲ ਯੂਨੀਵਰਸਿਟੀ ਦੇ ਸਿਹਤ ਵਿਭਾਗ ਦੇ ਅਧਿਐਨ ਮੁਤਾਬਿਕ, ਬਿੱਲ ਵਿੱਚ ਇਕੱਲੇ ਸਿਹਤ ਸਹੂਲਤ ਕੱਟਾਂ ਕਾਰਨ ਹਰ ਸਾਲ 50,000 ਅਮਰੀਕੀ ਜਾਨ ਗੁਆ ਦੇਣਗੇ। ਸੈਨੇਟਰ ਬਰਨੀ ਸੈਂਡਰਸ ਨੇ ਇਸ ਬਿੱਲ ਨੂੰ 'ਮੌਤ ਦੀ ਸਜ਼ਾ' ਕਿਹਾ ਹੈ।

ਇਸ ਬਿੱਲ ਨਾਲ ਅਮਰੀਕਾ ਦੇ ਸਿਖਰਲੇ 1% ਅਮੀਰਾਂ ਨੂੰ 975 ਅਰਬ ਡਾਲਰ ਦਾ ਲਾਭ ਮਿਲੇਗਾ ਜਿਸ ਦੀ ਭਰਪਾਈ ਸਿਹਤ ਸੰਭਾਲ ਕਟੌਤੀਆਂ ਨਾਲ ਹੜੱਪੇ ਇੱਕ ਖਰਬ ਡਾਲਰ 'ਚੋਂ ਕੀਤੀ ਜਾਵੇਗੀ। ਵੱਡਾ ਕਹਿਰ ਸਭ ਤੋਂ ਹੇਠਲੇ ਤੇ ਕੰਮਕਾਜੀ ਵਰਗ 'ਤੇ ਟੁੱਟਣਾ ਹੈ। ਦੂਜਾ, ਇਸ ਦਾ ਮੁੱਖ ਏਜੰਡਾ ਅਮਰੀਕੀਆਂ ਦੇ ਪੈਸੇ ਨਾਲ ਗੈਰ-ਦਸਤਾਵੇਜ਼ੀ ਪਰਵਾਸੀਆਂ ਦੇ ਦੇਸ਼-ਨਿਕਾਲੇ ਦੇ ਪ੍ਰਾਜੈਕਟ ਨੂੰ ਹੋਰ ਤੇਜ਼ ਕਰਨਾ ਤੇ ਨਿੱਜੀ ਉਦਯੋਗਕ ਕੰਪਲੈਕਸ, ਵੱਡੀਆਂ ਟੈੱਕ ਤੇ ਹਥਿਆਰ ਕੰਪਨੀਆਂ ਨੂੰ ਲਾਹੇ ਪਹੁੰਚਾਉਣਾ ਹੈ। ਫੈਡਰੇਸ਼ਨ ਫਾਰ ਅਮੈਰਿਕਨ ਇਮੀਗ੍ਰੇਸ਼ਨ ਰੀਫੌਰਮ (FAIR) ਦੀ ਮਾਰਚ 2025 ਦੀ ਰਿਪੋਰਟ ਮੁਤਾਬਿਕ, ਅਮਰੀਕਾ ਅੰਦਰ ਕੁੱਲ 1 ਕਰੋੜ 86 ਲੱਖ ਲੋਕ ਗੈਰ-ਦਸਤਾਵੇਜ਼ੀ ਹਨ ਜਿਨ੍ਹਾਂ ਵਿੱਚ ਜ਼ਿਆਦਾਤਰ ਲਾਤੀਨੀ ਭਾਈਚਾਰੇ ਦੇ ਹਨ। ਅਮਰੀਕਾ ਵਿੱਚ 1 ਲੱਖ 80 ਹਜ਼ਾਰ ਭਾਰਤੀ ਗੈਰ-ਦਸਤਾਵੇਜ਼ੀ ਪਰਵਾਸੀ ਹਨ। ਟਰੰਪ ਪ੍ਰਸ਼ਾਸਨ ਨੇ ਇਨ੍ਹਾਂ ਗੈਰ-ਦਸਤਾਵੇਜ਼ੀ ਪਰਵਾਸੀਆਂ ਨੂੰ ਅਮਰੀਕਾ ਵਿੱਚੋਂ ਕੱਢਣ ਦੀ ਮੁਹਿੰਮ ਵਿੱਢੀ ਹੋਈ ਹੈ। ਇਸ ਕੰਮ ਲਈ ਪ੍ਰਾਈਵੇਟ ਕੰਪਨੀਆਂ ਨੂੰ ਜੇਲ੍ਹਾਂ, ਨਜ਼ਰਬੰਦੀ ਕੈਂਪਾਂ, ਜਾਸੂਸੀ ਡਰੋਨਾਂ, ਕੈਮਰੇ, ਮਨੁੱਖੀ ਸਰੀਰ ਦੀ ਸਕੈਨਿੰਗ ਵਾਲੀਆਂ ਸੈਂਸਰ ਮਸ਼ੀਨਾਂ, ਇਮੀਗ੍ਰੇਸ਼ਨ ਏਜੰਟਾਂ ਦੀ ਨਵੀਂ ਭਰਤੀ, ਬਾਰਡਰ ਉੱਤੇ ਕੰਧ ਦੀ ਉਸਾਰੀ ਆਦਿ ਦੇ ਠੇਕੇ ਦਿੱਤੇ ਹੋਏ ਹਨ।

ਅਮਰੀਕਾ ਅੰਦਰ ਪਰਵਾਸੀਆਂ ਨੂੰ 'ਗੈਰ-ਕਾਨੂੰਨੀ ਏਲੀਅਨ', 'ਅਪਰਾਧੀ' ਤੇ 'ਘੁਸਪੈਠੀਏ' ਆਖ ਕੇ ਉਨ੍ਹਾਂ ਨਾਲ ਪਹਿਲਾਂ ਹੀ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਵਿਹਾਰ ਕੀਤਾ ਜਾਂਦਾ ਹੈ ਪਰ ਹੁਣ ਇਨ੍ਹਾਂ ਨੂੰ ਸਮੂਹਿਕ ਸਜ਼ਾਵਾਂ ਦੇ ਕੇ ਅਮਰੀਕਾ ਨੂੰ ਮਹਾਨ ਬਣਾਉਣ ਅਤੇ ਦੇਸ਼ਭਗਤੀ ਦੀ ਰਾਸ਼ਟਰਵਾਦੀ ਭਾਵਨਾ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਜਦਕਿ ਸੰਸਾਰ ਭਰ ਵਿੱਚ ਵਸੋਂ ਦੇ ਉਜਾੜੇ ਪਿੱਛੇ ਅਮਰੀਕੀ ਸਾਮਰਾਜੀ ਨੀਤੀਆਂ ਦਾ ਵੱਡਾ ਹੱਥ ਹੈ। ਮੈਕਸਿਕੋ, ਗੁਆਟੇਮਾਲਾ, ਨਿਕਾਰਾਗੁਆ, ਹੌਂਡੂਰਸ ਆਦਿ ਵਰਗੇ ਅਨੇਕ ਲਾਤੀਨੀ ਮੁਲਕ ਦਹਾਕਿਆਂ ਤੋਂ ਅਮਰੀਕੀ ਆਰਥਿਕ ਨੀਤੀਆਂ, ਰਾਜ ਪਲਟਿਆਂ ਤੇ ਆਰਥਿਕ/ਵਪਾਰਕ ਸੰਧੀਆਂ ਕਾਰਨ ਹੋਏ ਉਜਾੜਿਆਂ ਦਾ ਸ਼ਿਕਾਰ ਹੋਏ ਹਨ। ਮੱਧ ਪੂਰਬ ਤੇ ਏਸ਼ੀਆ ਦੇ ਬਹੁਤੇ ਮੁਲਕਾਂ ਵਿੱਚੋਂ ਉਜੜ ਕੇ ਆਏ ਪਰਵਾਸੀ ਵੀ ਅਮਰੀਕੀ ਨੀਤੀਆਂ ਕਾਰਨ ਪੈਦਾ ਹੋਈ ਆਰਥਿਕ-ਸਮਾਜਿਕ ਅਸ਼ਾਂਤੀ ਦਾ ਸ਼ਿਕਾਰ ਹਨ। ਦੂਜੇ ਪਾਸੇ, ਅਮਰੀਕੀ ਰਫਿਊਜੀ ਨੀਤੀ ਦਾ ਜਨਮ ਹੀ ਵਿਚਾਰਧਾਰਕ ਤੇ ਸਿਆਸੀ ਹਥਿਆਰ ਵਜੋਂ ਹੋਇਆ ਸੀ।

ਅਮਰੀਕਾ ਨੇ ਸੀਤ ਯੁੱਧ ਵੇਲੇ ਸਮਾਜਵਾਦ ਦਾ ਪ੍ਰਭਾਵ ਖ਼ਤਮ ਕਰਨ ਅਤੇ ਵਿਦੇਸ਼ਾਂ ਵਿਚਲੇ ਵੱਖਵਾਦੀ ਗਰੁੱਪਾਂ ਨੂੰ ਆਪਣੇ ਲਾਹੇ ਲਈ ਸਿਆਸੀ ਪਨਾਹ ਦੇਣ ਲਈ ਵਿਦੇਸ਼ੀ ਨੀਤੀ ਵਜੋਂ ਸ਼ਰਨਾਰਥੀ ਪ੍ਰੋਗਰਾਮ ਚਲਾਏ ਪਰ 1990 ਦੇ ਦਹਾਕੇ ਤੋਂ ਬਾਅਦ ਕਲਿੰਟਨ ਵਜ਼ਾਰਤ ਵੇਲੇ ਤੋਂ ਗੈਰ-ਕਾਨੂੰਨੀ ਪਰਵਾਸੀਆਂ ਖਿਲਾਫ਼ ਛਾਪਿਆਂ ਦਾ ਦੌਰ ਤੇਜ਼ ਹੋ ਗਿਆ। 2001 ਵਿੱਚ ਅਮਰੀਕੀ ਟਾਵਰਾਂ ਉੱਤੇ ਹੋਏ ਹਮਲੇ ਤੋਂ ਬਾਅਦ ਜਾਰਜ ਡਬਲਿਊ ਬੁਸ਼ ਨੇ ਕੌਮੀ ਸੁਰੱਖਿਆ ਲਈ ਅਤੇ ਅਤਿਵਾਦ ਖਿਲਾਫ ਮੋਰਚਾ ਖੋਲ੍ਹ ਕੇ ਪਰਵਾਸੀਆਂ ਤੇ ਮੁਸਲਮਾਨਾਂ ਦੇ ਉਜਾੜੇ ਦਾ ਰਾਹ ਪੱਧਰਾ ਕੀਤਾ ਗਿਆ। ਪਰਵਾਸੀ ਵਿਰੋਧੀ ਮੁਹਿੰਮ ਦੇ ਇਸ ਸਿਲਸਿਲੇ ਵਿੱਚ ਟਰੰਪ ਪ੍ਰਸ਼ਾਸਨ ਅਮਰੀਕਾ ਦੇ ਹੁਣ ਤੱਕ ਦੇ ਰਾਸ਼ਟਰਪਤੀਆਂ ਨਾਲੋਂ ਸਭ ਤੋਂ ਵੱਧ ਹਮਲਾਵਰ ਹੈ।

ਪਰਵਾਸੀਆਂ ਬਾਰੇ ਟਰੰਪ ਦੀ ਪਹੁੰਚ ਖਰਚੀਲੀ, ਅਣਮਨੁੱਖੀ ਅਤੇ ਭੇਦਭਰੀ ਹੈ। ਅਮਰੀਕਾ ਵਿੱਚ ਇਸ ਸਮੇਂ ਫ਼ਲਸਤੀਨੀਆਂ ਦੀ ਨਸਲਕੁਸ਼ੀ, ਪਰਵਾਸੀਆਂ ਉੱਤੇ ਇਮੀਗ੍ਰੇਸ਼ਨ ਏਜੰਸੀਆਂ ਦੇ ਛਾਪੇ ਅਤੇ ਟਰੰਪ ਦੀਆਂ ਅਰਾਜਕ ਨੀਤੀਆਂ ਖਿਲਾਫ ਵਿਰੋਧ ਜਾਰੀ ਹਨ। ਨਵਾਂ ਬਿੱਲ ਪਾਸ ਹੋਣ ਮਗਰੋਂ ਇਨ੍ਹਾਂ ਪ੍ਰਦਰਸ਼ਨਾਂ ਵਿੱਚ ਸਿਹਤ ਸਹੂਲਤਾਂ, ਸਿੱਖਿਆ ਤੇ ਰੱਖਿਆ ਬਜਟ ਖ਼ਿਲਾਫ਼ ਸੰਘਰਸ਼ ਦਾ ਇੱਕ ਹੋਰ ਮੋਰਚਾ ਖੁੱਲ੍ਹ ਜਾਵੇਗਾ।

# ਛੋਟੀਆਂ ਛੋਟੀਆਂ ਖ਼ੁਸ਼ੀਆਂ ਵੀ ਮਾਣੋ



ਜ਼ਿੰਦਗੀ ਇੱਕ ਅਜਿਹਾ ਸਫ਼ਰ ਹੈ, ਜਿਸ ਵਿੱਚ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਕਈ ਵਾਰ ਅਸੀਂ ਵੱਡੀਆਂ ਪ੍ਰਾਪਤੀਆਂ, ਵੱਡੀਆਂ ਖ਼ੁਸ਼ੀਆਂ ਅਤੇ ਵੱਡੇ ਟੀਚਿਆਂ ਦੀ ਭਾਲ ਵਿੱਚ ਇੰਨੇ ਗੁਆਚ ਜਾਂਦੇ ਹਾਂ ਕਿ ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਰੋਜ਼ਾਨਾ ਦੀਆਂ ਖ਼ੁਸ਼ੀਆਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ। ਅਸੀਂ ਸੋਚਦੇ ਹਾਂ ਕਿ ਖ਼ੁਸ਼ੀ ਉਦੋਂ ਮਿਲੇਗੀ ਜਦੋਂ ਸਾਨੂੰ ਨੌਕਰੀ ਵਿੱਚ ਤਰੱਕੀ ਮਿਲੇਗੀ, ਜਦੋਂ ਅਸੀਂ ਵੱਡਾ ਘਰ ਖ਼ਰੀਦਾਂਗੇ ਜਾਂ ਜਦੋਂ ਸਾਡੇ ਬੱਚੇ ਸਫਲ ਹੋਣਗੇ, ਪਰ ਅਸਲੀਅਤ ਇਹ ਹੈ ਕਿ ਖ਼ੁਸ਼ੀ ਕੋਈ ਮੰਜ਼ਿਲ ਨਹੀਂ, ਸਗੋਂ ਇੱਕ ਸਫ਼ਰ ਹੈ ਅਤੇ ਇਹ ਸਫ਼ਰ ਛੋਟੀਆਂ-ਛੋਟੀਆਂ ਖ਼ੁਸ਼ੀਆਂ ਦੇ ਪਲਾਂ ਨਾਲ ਭਰਿਆ ਪਿਆ ਹੈ।

ਅੱਜ ਦੇ ਭੱਜ-ਦੌੜ ਭਰੇ ਜੀਵਨ ਵਿੱਚ ਜਿੱਥੇ ਹਰ ਕੋਈ ਕਿਸੇ ਨਾ ਕਿਸੇ ਚੀਜ਼ ਦੀ ਪ੍ਰਾਪਤੀ ਦੀ ਦੌੜ ਵਿੱਚ ਲੱਗਿਆ ਹੋਇਆ ਹੈ, ਉੱਥੇ ਮਾਨਸਿਕ ਸ਼ਾਂਤੀ ਅਤੇ ਖ਼ੁਸ਼ੀ ਲੱਭਣਾ ਔਖਾ ਹੋ ਗਿਆ ਹੈ। ਅਸੀਂ ਸਭ ਕੁਝ ਪਾਉਣ ਦੀ ਚਾਹ ਵਿੱਚ ਅਕਸਰ ਉਨ੍ਹਾਂ ਚੀਜ਼ਾਂ ਨੂੰ ਭੁੱਲ ਜਾਂਦੇ ਹਾਂ ਜੋ ਸਾਡੇ ਕੋਲ ਪਹਿਲਾਂ ਤੋਂ ਹੀ ਮੌਜੂਦ ਹਨ। ਸਵੇਰ ਦੀ ਪਹਿਲੀ ਕਿਰਨ, ਪੰਛੀਆਂ ਦਾ ਚਹਿਚਹਾਉਣਾ, ਗਰਮ ਕੱਪ ਚਾਹ, ਦੋਸਤਾਂ ਨਾਲ ਗੱਲਬਾਤ ਜਾਂ ਬੱਚਿਆਂ ਦੀ ਮੁਸਕਰਾਹਟ: ਇਹ ਸਭ ਛੋਟੀਆਂ-ਛੋਟੀਆਂ ਖ਼ੁਸ਼ੀਆਂ ਹਨ ਜੋ ਸਾਡੇ ਜੀਵਨ ਨੂੰ ਰੋਸ਼ਨ ਕਰਦੀਆਂ ਹਨ। ਜੇਕਰ ਅਸੀਂ ਇਨ੍ਹਾਂ ਛੋਟੀਆਂ ਖ਼ੁਸ਼ੀਆਂ ਨੂੰ ਪਛਾਨਣਾ ਅਤੇ ਮਾਣਨਾ ਸਿੱਖ ਲਈਏ ਤਾਂ ਸਾਡੀ ਜ਼ਿੰਦਗੀ ਹੋਰ ਵੀ ਖ਼ੂਬਸੂਰਤ ਅਤੇ ਸੰਤੋਸ਼ਜਨਕ ਬਣ ਸਕਦੀ ਹੈ।

ਛੋਟੀਆਂ ਖ਼ੁਸ਼ੀਆਂ ਨੂੰ ਅਕਸਰ ਘੱਟ ਸਮਝਿਆ ਜਾਂਦਾ ਹੈ, ਪਰ ਇਨ੍ਹਾਂ ਦਾ ਸਾਡੀ ਮਾਨਸਿਕ ਅਤੇ ਭਾਵਨਾਤਮਕ ਸਿਹਤ 'ਤੇ ਬਹੁਤ ਡੂੰਘਾ ਪ੍ਰਭਾਵ ਪੈਂਦਾ ਹੈ। ਜਦੋਂ ਅਸੀਂ ਛੋਟੀਆਂ ਚੀਜ਼ਾਂ ਵਿੱਚ ਖ਼ੁਸ਼ੀ ਲੱਭਦੇ ਹਾਂ, ਤਾਂ ਇਹ ਸਾਡੇ ਅੰਦਰ ਸਕਾਰਾਤਮਕਤਾ ਪੈਦਾ ਕਰਦੀ ਹੈ। ਇਹ ਸਾਨੂੰ ਜ਼ਿੰਦਗੀ ਪ੍ਰਤੀ ਸ਼ੁਕਰਗੁਜ਼ਾਰੀ ਦੀ ਭਾਵਨਾ ਪ੍ਰਦਾਨ ਕਰਦੀ ਹੈ। ਜਦੋਂ ਅਸੀਂ ਸ਼ੁਕਰਗੁਜ਼ਾਰ ਹੁੰਦੇ ਹਾਂ ਤਾਂ ਅਸੀਂ ਆਪਣੇ ਆਸ-ਪਾਸ ਦੀਆਂ ਚੰਗੀਆਂ ਚੀਜ਼ਾਂ ਨੂੰ ਜ਼ਿਆਦਾ ਵੇਖਦੇ ਹਾਂ ਅਤੇ ਨਕਾਰਾਤਮਕਤਾ ਤੋਂ ਦੂਰ ਰਹਿੰਦੇ ਹਾਂ। ਛੋਟੀਆਂ ਖ਼ੁਸ਼ੀਆਂ ਸਾਨੂੰ ਤਣਾਅ ਅਤੇ ਚਿੰਤਾ ਤੋਂ ਮੁਕਤ ਕਰਨ ਵਿੱਚ ਮਦਦ ਕਰਦੀਆਂ ਹਨ। ਜਦੋਂ ਅਸੀਂ ਕਿਸੇ ਛੋਟੀ ਜਿਹੀ ਖ਼ੁਸ਼ੀ ਦਾ ਅਨੁਭਵ ਕਰਦੇ ਹਾਂ, ਤਾਂ ਸਾਡਾ ਮੂਡ ਤਾਜ਼ਾ ਹੋ ਜਾਂਦਾ ਹੈ ਅਤੇ ਸਾਨੂੰ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਊਰਜਾ ਮਿਲਦੀ ਹੈ। ਇਸ ਤੋਂ ਇਲਾਵਾ ਛੋਟੀਆਂ ਖ਼ੁਸ਼ੀਆਂ ਸਾਨੂੰ ਵਰਤਮਾਨ ਵਿੱਚ ਜਿਊਣਾ ਸਿਖਾਉਂਦੀਆਂ ਹਨ। ਅਸੀਂ ਅਕਸਰ ਭਵਿੱਖ ਦੀਆਂ ਚਿੰਤਾਵਾਂ ਜਾਂ ਅਤੀਤ ਦੀਆਂ ਯਾਦਾਂ ਵਿੱਚ ਗੁਆਚੇ ਰਹਿੰਦੇ ਹਾਂ, ਜਿਸ ਕਾਰਨ ਅਸੀਂ ਵਰਤਮਾਨ ਪਲ ਦੀ ਸੁੰਦਰਤਾ ਨੂੰ ਗੁਆ ਦਿੰਦੇ ਹਾਂ। ਛੋਟੀਆਂ ਖ਼ੁਸ਼ੀਆਂ ਸਾਨੂੰ ਇਸ ਗੱਲ ਦਾ ਅਹਿਸਾਸ ਕਰਵਾਉਂਦੀਆਂ ਹਨ ਕਿ ਜ਼ਿੰਦਗੀ ਹੁਣੇ ਅਤੇ ਇੱਥੇ ਹੈ ਅਤੇ ਸਾਨੂੰ ਇਸ ਦਾ ਪੂਰਾ ਆਨੰਦ ਲੈਣਾ ਚਾਹੀਦਾ ਹੈ। ਸੁਆਦ ਖਾਣਾ, ਚੰਗੀ ਕਿਤਾਬ ਪੜ੍ਹਨਾ, ਪਰਿਵਾਰ ਨਾਲ ਬੈਠਣਾ ਜਾਂ ਆਪਣੇ ਪਾਲਤੂ ਜਾਨਵਰ ਨਾਲ ਖੇਡਣਾ; ਇਹ ਸਾਰੇ ਪਲ ਸਾਨੂੰ ਵਰਤਮਾਨ ਵਿੱਚ ਬੰਨ੍ਹ ਕੇ ਰੱਖਦੇ ਹਨ ਅਤੇ ਸਾਨੂੰ ਅਸਲ ਖ਼ੁਸ਼ੀ ਦਾ ਅਨੁਭਵ ਕਰਵਾਉਂਦੇ ਹਨ।

ਛੋਟੀਆਂ ਖ਼ੁਸ਼ੀਆਂ ਨੂੰ ਪਛਾਨਣਾ ਅਤੇ ਮਾਣਨਾ ਇੱਕ ਕਲਾ ਹੈ ਜਿਸ ਨੂੰ ਅਭਿਆਸ ਨਾਲ ਸਿੱਖਿਆ ਜਾ ਸਕਦਾ ਹੈ। ਇੱਥੇ ਕੁਝ ਤਰੀਕੇ ਹਨ ਜੋ ਇਸ ਵਿੱਚ ਮਦਦ ਕਰ ਸਕਦੇ ਹਨ:

ਸੁਚੇਤ ਰਹੋ: ਧਿਆਨ ਨਾਲ ਸੁਚੇਤ ਰਹਿਣ ਦਾ ਅਰਥ ਹੈ ਵਰਤਮਾਨ ਪਲ ਵਿੱਚ ਪੂਰੀ ਤਰ੍ਹਾਂ ਮੌਜੂਦ ਰਹਿਣਾ। ਜਦੋਂ ਤੁਸੀਂ ਕੋਈ ਕੰਮ ਕਰ ਰਹੇ ਹੋ, ਭਾਵੇਂ ਉਹ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ, ਪੂਰੀ ਇਕਾਗਰਤਾ ਨਾਲ ਕਰੋ। ਜੇਕਰ ਤੁਸੀਂ ਖਾਣਾ ਖਾ ਰਹੇ ਹੋ ਤਾਂ ਭੋਜਨ ਦੇ ਸੁਆਦ, ਖ਼ੁਸ਼ਬੂ ਅਤੇ ਬਣਤਰ 'ਤੇ ਧਿਆਨ ਦਿਓ। ਜੇਕਰ ਤੁਸੀਂ ਸੈਰ ਕਰ ਰਹੇ ਹੋ ਤਾਂ ਆਲੇ-ਦੁਆਲੇ ਦੀ ਪ੍ਰਕਿਰਤੀ, ਪੰਛੀਆਂ ਦੀ ਆਵਾਜ਼ ਅਤੇ ਹਵਾ ਦੇ ਝੋਕਿਆਂ ਨੂੰ ਮਹਿਸੂਸ ਕਰੋ। ਜਦੋਂ ਤੁਸੀਂ ਧਿਆਨ ਨਾਲ ਸੁਚੇਤ ਹੁੰਦੇ ਹੋ ਤਾਂ ਤੁਸੀਂ ਛੋਟੀਆਂ-ਛੋਟੀਆਂ ਚੀਜ਼ਾਂ ਵਿੱਚ ਵੀ ਖ਼ੁਸ਼ੀ ਲੱਭ ਸਕਦੇ ਹੋ।

ਸ਼ੁਕਰਗੁਜ਼ਾਰੀ ਪ੍ਰਗਟ ਕਰੋ: ਹਰ ਰੋਜ਼ ਕੁਝ ਸਮਾਂ ਕੱਢ ਕੇ ਉਨ੍ਹਾਂ ਚੀਜ਼ਾਂ ਬਾਰੇ ਸੋਚੋ ਜਿਨ੍ਹਾਂ ਲਈ ਤੁਸੀਂ ਸ਼ੁਕਰਗੁਜ਼ਾਰ ਹੋ। ਕੁਦਰਤ ਦਾ ਸ਼ੁਕਰਾਨਾ ਕਰੋ। ਸਾਡੇ ਕੋਲ ਸ਼ੁਕਰਾਨੇ ਦੇ ਅਨੇਕਾਂ ਕਾਰਨ ਹੋ ਸਕਦੇ ਹਨ, ਇਹ ਇੱਕ ਸਿਹਤਮੰਦ ਸਰੀਰ ਹੋ ਸਕਦਾ ਹੈ, ਇੱਕ ਪਿਆਰਾ ਪਰਿਵਾਰ ਹੋ ਸਕਦਾ ਹੈ ਜਾਂ ਬਸ ਸਵੇਰੇ ਉੱਠ ਕੇ ਸੂਰਜ ਨੂੰ ਵੇਖਣਾ ਹੋ ਸਕਦਾ ਹੈ। ਸ਼ੁਕਰਗੁਜ਼ਾਰੀ ਪ੍ਰਗਟ ਕਰਨ ਨਾਲ ਤੁਹਾਡਾ ਦ੍ਰਿਸ਼ਟੀਕੋਣ ਬਦਲਦਾ ਹੈ ਅਤੇ ਤੁਸੀਂ ਜ਼ਿੰਦਗੀ ਦੀਆਂ ਚੰਗੀਆਂ ਚੀਜ਼ਾਂ 'ਤੇ ਜ਼ਿਆਦਾ ਧਿਆਨ ਦਿੰਦੇ ਹੋ।

ਆਪਣੇ ਆਪ ਲਈ ਸਮਾਂ ਕੱਢੋ: ਅੱਜਕੱਲ੍ਹ ਦੀ ਭੱਜ-ਦੌੜ ਵਾਲੀ ਜ਼ਿੰਦਗੀ ਵਿੱਚ ਅਸੀਂ ਅਕਸਰ ਆਪਣੇ ਆਪ ਨੂੰ ਭੁੱਲ ਜਾਂਦੇ ਹਾਂ। ਆਪਣੇ ਲਈ ਕੁਝ ਸਮਾਂ ਕੱਢੋ ਅਤੇ ਉਹ ਕੰਮ ਕਰੋ ਜੋ ਤੁਹਾਨੂੰ ਖ਼ੁਸ਼ੀ ਦਿੰਦੇ ਹਨ। ਇਹ ਕਿਤਾਬ ਪੜ੍ਹਨਾ, ਸੰਗੀਤ ਸੁਣਨਾ, ਬਾਗਬਾਨੀ ਕਰਨਾ ਜਾਂ ਬਸ ਬਿਨਾਂ ਕੁਝ ਕੀਤੇ ਚੁੱਪਚਾਪ ਬੈਠਣਾ ਹੋ ਸਕਦਾ ਹੈ। ਇਹ 'ਮੇਰਾ ਸਮਾਂ' ਤੁਹਾਨੂੰ ਰੀਚਾਰਜ ਕਰਨ ਅਤੇ ਛੋਟੀਆਂ ਖ਼ੁਸ਼ੀਆਂ ਨੂੰ ਮਹਿਸੂਸ ਕਰਨ ਵਿੱਚ ਮਦਦ ਕਰੇਗਾ।

ਕੁਦਰਤ ਨਾਲ ਜੁੜੋ: ਕੁਦਰਤ ਸਾਨੂੰ ਅਨੰਦ ਅਤੇ ਸ਼ਾਂਤੀ ਪ੍ਰਦਾਨ ਕਰਦੀ ਹੈ। ਪਾਰਕ ਵਿੱਚ ਸੈਰ ਕਰੋ, ਬਗੀਚੇ ਵਿੱਚ ਫੁੱਲਾਂ ਨੂੰ ਵੇਖੋ ਜਾਂ ਖੇਤਾਂ 'ਚ ਫ਼ਸਲਾਂ ਤੇ ਰੁੱਖਾਂ ਦੁਆਰਾ ਹਵਾ ਨਾਲ ਮਿਲ ਕੇ ਪੈਦਾ ਕੀਤੇ ਜਾ ਰਹੇ ਮਧੁਰ ਸੰਗੀਤ ਦੀ ਆਵਾਜ਼ ਸੁਣੋ। ਕੁਦਰਤ ਨਾਲ ਜੁੜਨ ਨਾਲ ਤੁਹਾਨੂੰ ਛੋਟੀਆਂ-ਛੋਟੀਆਂ ਚੀਜ਼ਾਂ ਵਿੱਚ ਵੀ ਖ਼ੁਸ਼ੀ ਮਿਲੇਗੀ।

ਦੂਜਿਆਂ ਦੀ ਮਦਦ ਕਰੋ: ਦੂਜਿਆਂ ਦੀ ਮਦਦ ਕਰਨਾ ਇੱਕ ਅਜਿਹੀ ਖ਼ੁਸ਼ੀ ਹੈ ਜੋ ਕਿਸੇ ਵੀ ਭੌਤਿਕ ਚੀਜ਼ ਤੋਂ ਵੱਧ ਹੈ। ਕਿਸੇ ਲੋੜਵੰਦ ਦੀ ਮਦਦ ਕਰਨਾ, ਕਿਸੇ ਨੂੰ ਮੁਸਕਰਾਹਟ ਦੇਣਾ ਜਾਂ ਕਿਸੇ ਲਈ ਛੋਟਾ ਜਿਹਾ ਕੰਮ ਕਰਨਾ, ਇਹ ਸਭ ਤੁਹਾਨੂੰ ਅੰਦਰੂਨੀ ਖ਼ੁਸ਼ੀ ਪ੍ਰਦਾਨ ਕਰਦੇ ਹਨ। ਕਿਸੇ ਦੀ ਮਦਦ ਕਰਨ ਦਾ ਕੋਈ ਵੀ ਮੌਕਾ ਨਾ ਗਵਾਓ।

ਛੋਟੇ ਟੀਚੇ ਨਿਰਧਾਰਤ ਕਰੋ: ਵੱਡੇ ਟੀਚਿਆਂ ਦੇ ਨਾਲ-ਨਾਲ, ਛੋਟੇ ਟੀਚੇ ਵੀ ਨਿਰਧਾਰਤ ਕਰੋ ਜੋ ਤੁਸੀਂ ਰੋਜ਼ਾਨਾ ਜਾਂ ਹਫ਼ਤਾਵਾਰੀ ਪ੍ਰਾਪਤ ਕਰ ਸਕਦੇ ਹੋ। ਇਹ ਇੱਕ ਨਵੀਂ ਕਿਤਾਬ ਦਾ ਇੱਕ ਅਧਿਆਇ ਪੜ੍ਹਨਾ, ਨਵੀਂ ਰੈਸਿਪੀ ਬਣਾਉਣਾ ਜਾਂ ਇੱਕ ਨਵੀਂ ਭਾਸ਼ਾ ਦੇ ਕੁਝ ਸ਼ਬਦ ਸਿੱਖਣਾ ਹੋ ਸਕਦਾ ਹੈ। ਜਦੋਂ ਤੁਸੀਂ ਇਨ੍ਹਾਂ ਛੋਟੇ ਟੀਚਿਆਂ ਨੂੰ ਪ੍ਰਾਪਤ ਕਰਦੇ ਹੋ ਤਾਂ ਤੁਹਾਨੂੰ ਸੰਤੋਸ਼ ਅਤੇ ਖ਼ੁਸ਼ੀ ਮਹਿਸੂਸ ਹੁੰਦੀ ਹੈ।

ਸਕਾਰਾਤਮਕ ਲੋਕਾਂ ਨਾਲ ਸਮਾਂ ਬਿਤਾਓ: ਸਾਡੇ ਆਸ-ਪਾਸ ਦੇ ਲੋਕਾਂ ਦਾ ਸਾਡੇ ਮੂਡ 'ਤੇ ਬਹੁਤ ਪ੍ਰਭਾਵ ਪੈਂਦਾ ਹੈ। ਸਕਾਰਾਤਮਕ ਅਤੇ ਖ਼ੁਸ਼ਹਾਲ ਲੋਕਾਂ ਨਾਲ ਸਮਾਂ ਬਿਤਾਓ ਜੋ ਤੁਹਾਨੂੰ ਪ੍ਰੇਰਿਤ ਕਰਦੇ ਹਨ ਅਤੇ ਤੁਹਾਨੂੰ ਚੰਗਾ ਮਹਿਸੂਸ ਕਰਵਾਉਂਦੇ ਹਨ। ਹਰ ਵਿਅਕਤੀ ਦੀ ਸ਼ਖ਼ਸੀਅਤ ਤੁਹਾਡੇ 'ਤੇ ਅਸਰ ਪਾਉਂਦੀ ਹੈ। ਉਨ੍ਹਾਂ ਲੋਕਾਂ ਤੋਂ ਦੂਰ ਰਹੋ ਜੋ ਨਕਾਰਾਤਮਕਤਾ ਫੈਲਾਉਂਦੇ ਹਨ।

ਆਓ ਕੁਝ ਅਜਿਹੀਆਂ ਛੋਟੀਆਂ ਖ਼ੁਸ਼ੀਆਂ ਬਾਰੇ ਗੱਲ ਕਰੀਏ ਜੋ ਅਸੀਂ ਅਕਸਰ ਨਜ਼ਰਅੰਦਾਜ਼ ਕਰ ਦਿੰਦੇ ਹਾਂ; ਸਵੇਰੇ ਉੱਠ ਕੇ ਸੂਰਜ ਦੀਆਂ ਨਿੱਘੀਆਂ ਕਿਰਨਾਂ ਨੂੰ ਮਹਿਸੂਸ ਕਰਨਾ ਬਹੁਤ ਹੀ ਸੁਹਾਵਣਾ ਅਹਿਸਾਸ ਹੈ। ਇਹ ਤਾਜ਼ਗੀ ਅਤੇ ਊਰਜਾ ਪ੍ਰਦਾਨ ਕਰਦਾ ਹੈ। ਗਰਮੀਆਂ ਤੋਂ ਬਾਅਦ ਜਦੋਂ ਪਹਿਲੀ ਬਾਰਿਸ਼ ਪੈਂਦੀ ਹੈ ਤਾਂ ਮਿੱਟੀ ਦੀ ਖ਼ੁਸ਼ਬੂ ਮਨ ਨੂੰ ਸ਼ਾਂਤ ਕਰ ਦਿੰਦੀ ਹੈ। ਆਪਣੇ ਮਨਪਸੰਦ ਗੀਤ ਨੂੰ ਸੁਣਨਾ ਤੁਹਾਨੂੰ ਇੱਕ ਪਲ ਵਿੱਚ ਖ਼ੁਸ਼ੀ ਅਤੇ ਸਕੂਨ ਦੇ ਸਕਦਾ ਹੈ। ਬੱਚਿਆਂ ਨੂੰ ਖੇਡਦੇ ਅਤੇ ਹੱਸਦੇ ਵੇਖਣਾ ਮਨ ਨੂੰ ਸ਼ਾਂਤ ਕਰਦਾ ਹੈ ਅਤੇ ਤੁਹਾਨੂੰ ਆਪਣੇ ਬਚਪਨ ਦੀ ਯਾਦ ਦਿਵਾਉਂਦਾ ਹੈ। ਠੰਢੇ ਮੌਸਮ ਵਿੱਚ ਇੱਕ ਗਰਮ ਕੱਪ ਚਾਹ ਜਾਂ ਕੌਫ਼ੀ ਪੀਣਾ ਬਹੁਤ ਹੀ ਆਰਾਮਦਾਇਕ ਅਹਿਸਾਸ ਹੈ। ਲੰਬੇ ਸਮੇਂ ਬਾਅਦ ਕਿਸੇ ਪੁਰਾਣੇ ਦੋਸਤ ਦਾ ਫੋਨ ਆਉਣਾ ਅਤੇ ਉਸ ਨਾਲ ਗੱਲਬਾਤ ਕਰਨਾ ਖ਼ੁਸ਼ੀ ਦਿੰਦਾ ਹੈ। ਜਿਨ੍ਹਾਂ ਲੋਕਾਂ ਕੋਲ ਪਾਲਤੂ ਜਾਨਵਰ ਹਨ, ਉਹ ਜਾਣਦੇ ਹਨ ਕਿ ਉਨ੍ਹਾਂ ਨਾਲ ਸਮਾਂ ਬਿਤਾਉਣਾ ਕਿੰਨੀ ਖ਼ੁਸ਼ੀ ਦਿੰਦਾ ਹੈ

ਚੰਗੀ ਕਿਤਾਬ ਦੇ ਪੰਨਿਆਂ ਵਿੱਚ ਗੁਆਚ ਜਾਣਾ ਇੱਕ ਵੱਖਰੀ ਦੁਨੀਆ ਵਿੱਚ ਲੈ ਜਾਂਦਾ ਹੈ। ਆਪਣੇ ਮਨਪਸੰਦ ਫਿਲਮ ਜਾਂ ਟੀਵੀ ਸ਼ੋਅ ਵੇਖ ਕੇ ਤਣਾਅ ਤੋਂ ਮੁਕਤ ਹੋਣਾ ਇੱਕ ਆਸਾਨ ਤਰੀਕਾ ਹੈ। ਆਪਣੇ ਹੱਥਾਂ ਨਾਲ ਕੋਈ ਸੁਆਦ ਪਕਵਾਨ ਬਣਾਉਣਾ ਅਤੇ ਉਸ ਨੂੰ ਆਪਣੇ ਪਰਿਵਾਰ ਨਾਲ ਮਿਲ ਕੇ ਖਾਣਾ ਇੱਕ ਅਨੰਦਮਈ ਅਹਿਸਾਸ ਹੈ। ਜਦੋਂ ਸਾਰਾ ਘਰ ਸ਼ਾਂਤ ਹੋਵੇ ਅਤੇ ਆਪਣੇ ਨਾਲ ਸਮਾਂ ਬਿਤਾਓ। ਬਗੀਚੇ ਵਿੱਚ ਖਿੜੇ ਹੋਏ ਰੰਗ ਬਿਰੰਗੇ ਫੁੱਲਾਂ ਨੂੰ ਵੇਖਣਾ ਅੱਖਾਂ ਨੂੰ ਸਕੂਨ ਦਿੰਦਾ ਹੈ। ਪ੍ਰਦੂਸ਼ਣ ਤੋਂ ਮੁਕਤ ਸਵੱਛ ਹਵਾ ਵਿੱਚ ਸਾਹ ਲੈਣਾ ਬਹੁਤ ਵੱਡੀ ਖ਼ੁਸ਼ੀ ਹੈ ਜੋ ਅਸੀਂ ਅਕਸਰ ਭੁੱਲ ਜਾਂਦੇ ਹਾਂ।

ਪਹਾੜਾਂ, ਨਦੀਆਂ ਜਾਂ ਸਮੁੰਦਰ ਵਰਗੇ ਸੁੰਦਰ ਦ੍ਰਿਸ਼ਾਂ ਨੂੰ ਵੇਖਣਾ ਮਨ ਨੂੰ ਸ਼ਾਂਤ ਕਰਦਾ ਹੈ। ਕਿਸੇ ਅਜਨਬੀ ਦੀ ਛੋਟੀ ਜਿਹੀ ਮੁਸਕਰਾਹਟ ਵੀ ਤੁਹਾਡਾ ਦਿਨ ਬਣਾ ਸਕਦੀ ਹੈ। ਇਸ ਤਰ੍ਹਾਂ ਜ਼ਿੰਦਗੀ ਵਿੱਚ ਖ਼ੁਸ਼ੀ ਲੱਭਣ ਲਈ ਸਾਨੂੰ ਵੱਡੀਆਂ ਪ੍ਰਾਪਤੀਆਂ ਜਾਂ ਭਵਿੱਖ ਦੀਆਂ ਉਮੀਦਾਂ 'ਤੇ ਨਿਰਭਰ ਨਹੀਂ ਰਹਿਣਾ ਚਾਹੀਦਾ। ਅਸਲ ਖ਼ੁਸ਼ੀ ਸਾਡੇ ਆਸ-ਪਾਸ, ਰੋਜ਼ਾਨਾ ਦੇ ਜੀਵਨ ਦੀਆਂ ਛੋਟੀਆਂ-ਛੋਟੀਆਂ ਚੀਜ਼ਾਂ ਵਿੱਚ ਲੁਕੀ ਹੋਈ ਹੈ। ਜਦੋਂ ਅਸੀਂ ਇਨ੍ਹਾਂ ਛੋਟੀਆਂ ਖ਼ੁਸ਼ੀਆਂ ਨੂੰ ਪਛਾਨਣਾ ਅਤੇ ਮਾਣਨਾ ਸਿੱਖ ਜਾਂਦੇ ਹਾਂ ਤਾਂ ਸਾਡੀ ਜ਼ਿੰਦਗੀ ਹੋਰ ਵੀ ਖ਼ੂਬਸੂਰਤ, ਸੰਤੁਸ਼ਟੀਜਨਕ ਅਤੇ ਅਰਥਪੂਰਨ ਬਣ ਜਾਂਦੀ ਹੈ। ਇਹ ਸਾਨੂੰ ਵਰਤਮਾਨ ਵਿੱਚ ਜਿਊਣਾ ਸਿਖਾਉਂਦਾ ਹੈ, ਸਾਨੂੰ ਸ਼ੁਕਰਗੁਜ਼ਾਰ ਬਣਾਉਂਦਾ ਹੈ ਅਤੇ ਸਾਡੇ ਅੰਦਰ ਸਕਾਰਾਤਮਕ ਊਰਜਾ ਭਰਦਾ ਹੈ।

ਆਓ, ਅੱਜ ਤੋਂ ਹੀ ਅਸੀਂ ਜ਼ਿੰਦਗੀ ਦੀਆਂ ਛੋਟੀਆਂ-ਛੋਟੀਆਂ ਖ਼ੁਸ਼ੀਆਂ ਨੂੰ ਪਛਾਣਨ ਅਤੇ ਉਨ੍ਹਾਂ ਦਾ ਆਨੰਦ ਲੈਣ ਦਾ ਪ੍ਰਣ ਕਰੀਏ। ਭਾਵੇਂ ਉਹ ਸਵੇਰ ਦੀ ਠੰਢੀ ਹਵਾ ਹੋਵੇ, ਇੱਕ ਚੰਗੀ ਚਾਹ ਦਾ ਕੱਪ ਹੋਵੇ ਜਾਂ ਕਿਸੇ ਪਿਆਰੇ ਨਾਲ ਛੋਟੀ ਜਿਹੀ ਗੱਲਬਾਤ ਹੋਵੇ। ਯਾਦ ਰੱਖੋ, ਖ਼ੁਸ਼ੀ ਕੋਈ ਅਜਿਹੀ ਚੀਜ਼ ਨਹੀਂ ਜੋ ਤੁਹਾਨੂੰ ਕਿਤੇ ਬਾਹਰੋਂ ਮਿਲੇਗੀ, ਇਹ ਤੁਹਾਡੇ ਅੰਦਰ ਹੀ ਹੈ, ਬਸ ਇਸ ਨੂੰ ਪਛਾਣਨ ਦੀ ਲੋੜ ਹੈ। ਜਦੋਂ ਅਸੀਂ ਛੋਟੀਆਂ ਖ਼ੁਸ਼ੀਆਂ ਨੂੰ ਮਾਣਦੇ ਹਾਂ ਤਾਂ ਵੱਡੀਆਂ ਖ਼ੁਸ਼ੀਆਂ ਆਪਣੇ ਆਪ ਹੀ ਸਾਡੇ ਰਾਹ ਵਿੱਚ ਆ ਜਾਂਦੀਆਂ ਹਨ। ਜ਼ਿੰਦਗੀ ਨੂੰ ਪੂਰੀ ਤਰ੍ਹਾਂ ਜੀਓ, ਹਰ ਪਲ ਦਾ ਆਨੰਦ ਲਓ ਅਤੇ ਯਾਦ ਰੱਖੋ ਕਿ ਹਰ ਦਿਨ ਵਿੱਚ ਖ਼ੁਸ਼ੀ ਲੱਭਣ ਲਈ ਕੁਝ ਨਾ ਕੁਝ ਹੁੰਦਾ ਹੀ ਹੈ।

**ਨਰਿੰਦਰ ਪਾਲ ਸਿੰਘ ਗਿੱਲ**

# ਕੈਨੇਡਾ: ਜਹਾਜ਼ ਟਕਰਾਉਣ ਕਾਰਨ ਭਾਰਤੀ ਸਿੱਖਿਆਰਥੀ ਪਾਇਲਟ ਸਮੇਤ 2 ਦੀ ਮੌਤ

**ਓਟਵਾ:** ਟੋਰਾਂਟੋ ਵਿੱਚ ਭਾਰਤ ਦੇ ਕੌਂਸੁਲੇਟ ਜਨਰਲ ਅਨੁਸਾਰ ਕੈਨੇਡਾ ਦੇ ਮੈਨੀਟੋਬਾ ਸੂਬੇ ਵਿੱਚ ਦੋ ਜਹਾਜ਼ ਟਕਰਾਉਣ ਕਾਰਨ ਇੱਕ ਭਾਰਤੀ ਸਿੱਖਿਆਰਥੀ ਪਾਇਲਟ ਸਮੇਤ ਦੋ ਦੀ ਮੌਤ ਹੋ ਗਈ ਹੈ। ਇਹ ਘਟਨਾ ਮੰਗਲਵਾਰ ਦੀ ਦੱਸੀ ਜਾਂਦੀ ਹੈ। ਭਾਰਤੀ ਪਾਇਲਟ, ਜਿਸ ਦੀ ਪਛਾਣ ਸ੍ਰੀਹਰੀ ਸੁਕੇਸ਼ ਵਜੋਂ ਹੋਈ ਹੈ, ਦਾ ਸਿੰਗਲ-ਇੰਜਣ ਵਾਲਾ ਜਹਾਜ਼ ਅਜਿਹੇ ਹੀ ਇੱਕ ਹੋਰ ਜਹਾਜ਼ ਨਾਲ ਟਕਰਾ ਗਿਆ। ਜਾਣਕਾਰੀ ਅਨੁਸਾਰ ਦੂਜੇ ਜਹਾਜ਼ ਨੂੰ ਕੈਨੇਡੀਅਨ ਨੌਜਵਾਨ ਉਡਾਅ ਰਿਹਾ ਸੀ।

ਭਾਰਤ ਦੇ ਕੌਂਸੁਲੇਟ ਜਨਰਲ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਪਰਿਵਾਰ, ਪਾਇਲਟ ਸਿਖਲਾਈ ਸਕੂਲ ਅਤੇ ਸਥਾਨਕ ਪੁਲੀਸ ਨਾਲ ਸੰਪਰਕ ਵਿੱਚ ਹੈ ਤਾਂ ਜੋ ਸਾਰੀ ਲੋੜੀਂਦੀ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਕੈਨੇਡੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ (ਸੀ.ਬੀ.ਸੀ.) ਦੀ ਇੱਕ ਖ਼ਬਰ ਰਿਪੋਰਟ ਵਿੱਚ ਕਿਹਾ ਗਿਆ ਹੈ, ''ਦੋਵਾਂ ਵਿਦਿਆਰਥੀ ਪਾਇਲਟਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਸਿੰਗਲ-ਇੰਜਣ ਵਾਲੇ ਜਹਾਜ਼ਾਂ ਦੇ ਮਲਬੇ ਵਿੱਚੋਂ ਬਰਾਮਦ ਕੀਤੀਆਂ ਗਈਆਂ।'' ਕਿਹਾ ਗਿਆ ਹੈ ਕਿ ਦੋਵੇਂ ਸਟੇਨਬਾਕ, ਵਿਨੀਪੈੱਗ ਤੋਂ ਲਗਪਗ 50 ਕਿਲੋਮੀਟਰ ਦੱਖਣ-ਪੂਰਬ ਵਿੱਚ ਹਵਾ ਵਿੱਚ ਟਕਰਾ ਗਏ ਸਨ।

ਸੀਬੀਸੀ ਰਿਪੋਰਟ ਵਿੱਚ ਹਾਰਵਜ਼ ਏਅਰ ਦੇ ਪ੍ਰਧਾਨ ਐਡਮ ਪੈਨਰ ਨੇ ਕਿਹਾ ਕਿ ਵਿਦਿਆਰਥੀ ਟੇਕਆਫ ਅਤੇ ਲੈਂਡਿੰਗ ਦਾ ਅਭਿਆਸ ਕਰਦੇ ਹੋਏ ਲੈਂਡਿੰਗ ਸਟ੍ਰਿਪ ਦੇ ਨੇੜੇ ਪਹੁੰਚਦੇ ਸਮੇਂ ਟਕਰਾ ਗਏ। ਹਵਾਬਾਜ਼ੀ ਘਟਨਾਵਾਂ ਦੀ ਜਾਂਚ ਲਈ ਜ਼ਿੰਮੇਵਾਰ ਏਜੰਸੀ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਨੇ ਕਿਹਾ ਕਿ ਉਹ ਜਾਣਕਾਰੀ ਇਕੱਠੀ ਕਰ ਰਿਹਾ ਹੈ ਅਤੇ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ।



# ਪ੍ਰਿਅੰਕਾ ਦੇ ਪਤੀ ਨਿਕ ਨੂੰ ਅੱਜ ਵੀ ਚਾਹੁੰਦੀ ਹੈ ਮਾਇਲੀ



ਦੁਨੀਆ ਭਰ ’ਚ ਹਰਮਨ ਪਿਆਰੀ ਗ੍ਰੰਮੀ ਅਵਾਰਡ ਜੇਤੂ ਅਮਰੀਕੀ ਗਾਇਕਾ ਮਾਇਲੀ ਸਾਇਰਸ ਸੰਗੀਤ ਜਗਤ ਦਾ ਵੱਡਾ ਨਾਮ ਹੈ। ਉਹ ਆਪਣੇ ਗਾਣਿਆਂ ਦੇ ਇਲਾਵਾ ਆਪਣੀ ਨਿੱਜੀ ਜ਼ਿੰਦਗੀ ਦੀ ਵਜ੍ਹਾ ਨਾਲ ਵੀ ਸੁਰਖੀਆਂ ’ਚ ਰਹਿੰਦੀ ਹੈ। ਮਾਇਲੀ ਜਦੋਂ 13 ਸਾਲ ਦੀ ਸੀ, ਉਦੋਂ ਉਹ ਨਿਕ ਜੋਨਸ ਦੇ ਨਾਲ ਰਿਲੇਸ਼ਨਸ਼ਿਪ ‘ਚ ਸੀ। ਦੋਵਾਂ ਦਾ ਰਿਸ਼ਤਾ ਸਿਰਫ 2 ਸਾਲ ਚੱਲਿਆ। ਭਾਵੇਂ ਹੀ ਦੋਵਾਂ ਦਾ ਰਿਸ਼ਤਾ ਲੰਬਾ ਨਾ ਚੱਲਿਆ ਹੋਵੇ ਪਰ 18 ਸਾਲ ਬਾਅਦ ਵੀ ਉਹ ਨਿਕ ਨੂੰ ਭੁੱਲੀ ਨਹੀਂ ਹੈ।

ਹਾਲ ਹੀ ’ਚ ਇਕ ਪਾਡਕਾਸਟ ’ਚ ਨਿਕ ਦੇ ਨਾਲ ਆਪਣੇ ਰਿਸ਼ਤੇ ‘ਤੇ ਮਾਇਲੀ ਨੇ ਖੁੱਲ੍ਹ ਕੇ ਗੱਲ ਕੀਤੀ ਅਤੇ ਕਈ ਅਨਸੁਣੀਆਂ ਗੱਲਾਂ ਸ਼ੇਅਰ ਕੀਤੀਆਂ ਹਨ। ਮਾਇਲੀ ਦੱਸਦੀ ਹੈ ਕਿ ਦੋਵਾਂ ਦੇ ਸਾਲ 2006 ਚ ਇਕ-ਦੂਜੇ ਨੂੰ ਡੇਟ ਕਰਨਾ ਸ਼ੁਰੂ ਕੀਤਾ ਅਤੇ ਉਨ੍ਹਾਂ ਦਾ ਰਿਸ਼ਤਾ 2009 ਤੱਕ ਰਿਹਾ ਪਰ ਇਸ ਦੌਰਾਨ ਕਈ ਦਫਾ ਬ੍ਰੇਕਅਪ ਵੀ ਹੋਇਆ। ਜਿਸ ਤਰ੍ਹਾਂ ਦੋਵਾਂ ਦਾ ਰਿਸ਼ਤਾ ਖਤਮ ਹੋਇਆ, ਉਸ ਨਾਲ ਉਹ ਖੁਸ਼ ਨਹੀਂ ਹੈ। ਮਾਇਲੀ ਦੇ ਅਨੁਸਾਰ, “ਮੈਨੂੰ ਨਿਕ ਪਸੰਦ ਹੈ। ਮੈਂ ਉਸ ਨਾਲ ਪਿਆਰ ਕਰਦੀ ਹਾਂ ਪਰ ਉਹ ਹੁਣ ਤਾਂ ਸ਼ਾਦੀਸ਼ੁਦਾ ਹੈ ਅਤੇ ਪਿਤਾ ਵੀ ਬਣ ਚੁੱਕਾ ਹੈ। ਅਸੀਂ ਦੋਵੇਂ ਆਪਣੀ ਲਾਇਫ ‘ਚ ਅੱਗੇ ਵੱਧ ਚੁੱਕੇ ਹਾਂ।“

ਮਾਇਲੀ ਦੱਸਦੀ ਹੈ ਕਿ ਜਦੋਂ ਉਹ ਅਤੇ ਨਿਕ ਨਾਲ ਸਨ, ਉਦੋਂ ਨਿਕ ਨੇ ਉਸ ਨੂੰ ਆਪਣੇ ਮਿਊਜ਼ੀਕਲ ਟੂਰ ’ਚ ਸ਼ਾਮਲ ਨਹੀਂ ਕੀਤਾ ਸੀ। ਨਿਕ ਆਪਣੇ ਕੰਮ ‘ਤੇ ਧਿਆਨ ਦੇਣ ਲੱਗਾ ਸੀ। ਉਹ ਖੁਦ ਨੂੰ ਡਿਜ਼ਨੀ ਤੋਂ ਅਲੱਗ ਕਰ ਰਿਹਾ ਸੀ। ਉਸ ਨੇ ਕਿਹਾ, “ਮੈਂ ਚਾਹੁੰਦੀ ਸੀ ਕਿ ਉਹ ਮੇਰੇ ਨਾਲ ਟੂਰ ’ਤੇ ਆਏ ਪਰ ਉਹ ਆਪਣੇ ਬੈਂਡ ਦੇ ਨਾਲ ਟੂਰ ’ਤੇ ਆ ਰਹੇ ਸਨ।ਇਸ ਵਜ੍ਹਾ ਨਾਲ ਸਾਡੇ ਵਿਚ ਝਗੜੇ ਹੋਣ ਲੱਗੇ ਸਨ। ਇਸ ਨਾਲ ਉਸਦਾ ਦਿਲ ਟੁੱਟ ਗਿਆ ਸੀ। ਉਸਨੂੰ ਲੱਗਣ ਲੱਗਾ ਸੀ ਕਿ ਨਿਕਉਸ ਤੋਂ ਦੂਰ ਜਾ ਰਿਹਾ ਹੈ ਅਤੇ ਉਹ ਅਜਿਹਾਨਹੀਂ ਚਾਹੁੰਦੀ ਸੀ। ਉਸ ਨੇ ਨਿਕ ਤੋਂ ਪੁੱਛਿਆ ਸੀ ਕਿ ਉਹ ਉਸ ਨੂੰ ਕਿਉਂ ਛੱਡ ਰਿਹਾ ਹੈ ? ਕੀ ਟੂਰ ਨਾਲ ਨਹੀਂ ਕਰ ਸਕਦੇ ਹਾਂ ਪਰ ਮਾਇਲੀ ਨੂੰ ਅਹਿਸਾਸ ਹੋਇਆ ਕਿ ਨਿਕ ਜ਼ਿੰਦਗੀ ‘ਚ ਅੱਗੇ ਵੱਧ ਚੁੱਕਿਆ ਸੀ। ਜ਼ਿਕਰਯੋਗ ਹੈ ਕਿ ਇਸ ਟੀਨਏਜ਼ ਬੇਕਅਪ ਤੋਂ ਬਾਅਦ ਹੁਣ ਤੱਕ ਮਾਇਲੀ ਦੀ ਜ਼ਿੰਦਗੀ ‘ਚ ਕਈ ਲੋਕ ਆ ਚੁੱਕੇ ਹਨ। ਉਸ ਨੇ 2018 ‘ਚ ਆਸਟ੍ਰੇਲੀਅਨ ਐਕਟਰ ਲਿਯਾਮ ਹੇਮਸਵਰਥ ਨਾਲ ਵਿਆਹ ਕੀਤਾ ਸੀ ਪਰ ਉਨ੍ਹਾਂ ਦਾ ਰਿਸ਼ਤਾ ਸਿਰਫ 2 ਸਾਲ ‘ਚ ਟੁੱਟ ਗਿਆ। ਫਿਲਹਾਲ ਮਾਇਲੀ ਅਮਰੀਕੀ ਮਿਊਜ਼ੀਸ਼ੀਅਨ ਮੈਕਸ ਮੋਰਾਂਡੋ ਦੇ ਨਾਲ ਹੈ। ਉੱਥੇ ਹੀ, ਨਿਕ ਨੇ ਵੀ ਸੇਲੇਨਾ ਗੋਮੇਜ, ਆਸਟ੍ਰੇਲੀਅਨ ਸਿੰਗਰ ਡੇਲਟਾ ਗੁਮ, ਮਿਸ ਯੂਨੀਵਰਸ 2012 ਓਲੀਵੀਆਕਲਪ ਨੂੰ ਡੇਟ ਕਰਨ ਦੇ ਬਾਅਦ 2018 ’ਚ ਪ੍ਰਿਅੰਕਾ ਚੋਪੜਾ ਨਾਲ ਵਿਆਹ ਕਰ ਲਿਆ। ਦੋਵੇਂ ਦੀ ਅੱਜ ਇਕ ਬੇਟੀ ਮਾਲਤੀ ਵੀ ਹੈ।

# ਇਸ਼ਕ ਮੁਸ਼ਕ

## ਪਿੰਡ ਦਾ ਮੁੰਡਾ ਵਿਆਹ ਲਿਆਇਆ ਰਸ਼ੀਅਨ



ਬਿਹਾਰ ਦੇ ਕਟਿਹਾਰ ਦੀ ਇੱਕ ਖਾਸ ਪ੍ਰੇਮ ਕਹਾਣੀ ਇਸ ਸਮੇਂ ਸੋਸ਼ਲ ਮੀਡੀਆ ‘ਤੇ ਟ੍ਰੈਂਡ ਕਰ ਰਹੀ ਹੈ। ਡਾ. ਅਨੁਭਵ ਸ਼ਾਸ਼ਵਤ ਤੇ ਰੂਸ ਦੀ ਅਨਾਸਤਾਸੀਆ ਦੇ ਵਿਆਹ ਦੀਆਂ ਫੋਟੋਆਂ ਅਤੇ ਵੀਡੀਓਜ਼ ਇੰਟਰਨੈੱਟ ‘ਤੇ ਖੂਬ ਵਾਇਰਲ ਹੋ ਰਹੀਆਂ ਹਨ।

ਕਟੀਹਾਰ ਦੇ ਦੁਰਗਾ ਮੰਦਰ ਵਿੱਚ ਰਵਾਇਤੀ ਹਿੰਦੂ ਰੀਤੀ-ਰਿਵਾਜਾਂ ਨਾਲ ਹੋਇਆ ਇਹ ਵਿਆਹ ਨਾ ਸਿਰਫ਼ ਆਲੇ-ਦੁਆਲੇ ਦੇ ਲੋਕਾਂ ਲਈ ਸਗੋਂ ਪੂਰੇ ਦੇਸ਼ ਲਈ ਚਰਚਾ ਦਾ ਵਿਸ਼ਾ ਬਣ ਗਿਆ ਹੈ। ਰੂਸ ਦੀ ਰਹਿਣ ਵਾਲੀ ਅਨਾਸਤਾਸੀਆ ਨੇ ਪੂਰੀ ਸ਼ਰਧਾ ਨਾਲ ਫੇਰੇ ਲਏ, ਆਪਣੇ ਮੱਥੇ ‘ਤੇ ਬਿੰਦੀ ਸਜਾਈ, ਸਾੜੀ ਪਹਿਨੀ ਤੇ ਹੱਥਾਂ ‘ਤੇ ਮਹਿੰਦੀ ਵੀ ਲਗਾਈ।

ਡਾ. ਅਨੁਭਵ ਸ਼ਾਸ਼ਵਤ 2020 ਵਿੱਚ ਰੂਸ ਵਿੱਚ ਅਨਾਸਤਾਸੀਆ ਨੂੰ ਮਿਲੇ। ਅਨੁਭਵ ਉੱਥੇ ਡਾਕਟਰੀ ਦੀ ਪੜ੍ਹਾਈ ਕਰ ਰਿਹਾ ਸੀ ਅਤੇ ਫਿਰ ਕੋਵਿਡ ਮਹਾਂਮਾਰੀ ਦੌਰਾਨ ਦੋਵੇਂ ਦੋਸਤ ਬਣ ਗਏ। ਹੌਲੀ-ਹੌਲੀ ਇਹ ਦੋਸਤੀ ਪਿਆਰ ਵਿੱਚ ਬਦਲ ਗਈ ਤੇ ਫਿਰ 5 ਸਾਲਾਂ ਦੇ ਲੰਬੇ ਰਿਸ਼ਤੇ ਤੋਂ ਬਾਅਦ, ਦੋਵਾਂ ਨੇ ਵਿਆਹ ਕਰਨ ਦਾ ਫੈਸਲਾ ਕੀਤਾ।

ਅਨਾਸਤਾਸੀਆ ਨੂੰ ਭਾਰਤੀ ਸੱਭਿਆਚਾਰ ਨਾਲ ਜਾਣੂ ਕਰਵਾਉਣ ਲਈ ਭਾਰਤ ਬੁਲਾਇਆ। ਦਿੱਲੀ ਵਿੱਚ ਰਹਿੰਦਿਆਂ, ਉਸਨੇ ਨਾ ਸਿਰਫ਼ ਪਰੰਪਰਾਵਾਂ, ਪਹਿਰਾਵੇ ਅਤੇ ਭਾਸ਼ਾ ਸਿੱਖੀ, ਸਗੋਂ ਇਸਨੂੰ ਪੂਰੀ ਤੀਬਰਤਾ ਨਾਲ ਅਪਣਾਇਆ। ਇਹੀ ਕਾਰਨ ਹੈ ਕਿ ਜਦੋਂ ਵਿਆਹ ਵਾਲੇ ਦਿਨ ਮੰਦਰ ਵਿੱਚ ਸਾਰੀਆਂ ਰਸਮਾਂ ਹੋਈਆਂ, ਤਾਂ ਉਹ ਕਿਸੇ ਭਾਰਤੀ ਦੁਲਹਨ ਤੋਂ ਘੱਟ ਨਹੀਂ ਲੱਗ ਰਹੀ ਸੀ।

ਅਨੁਭਵ ਦੇ ਮਾਪਿਆਂ ਨੇ ਵੀ ਇਸ ਰਿਸ਼ਤੇ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕੀਤਾ ਅਤੇ ਅੱਜ ਉਹ ਆਪਣੀ ਵਿਦੇਸ਼ੀ ਨੂੰਹ ‘ਤੇ ਬਹੁਤ ਮਾਣ ਮਹਿਸੂਸ ਕਰ ਰਹੇ ਹਨ। ਇਸ ਵਿਆਹ ਦੀ ਇਲਾਕੇ ਵਿੱਚ ਵੀ ਬਹੁਤ ਚਰਚਾ ਹੋ ਰਹੀ ਹੈ। ਵੱਡੀ ਗਿਣਤੀ ਵਿੱਚ ਲੋਕ ਸੋਸ਼ਲ ਮੀਡੀਆ ‘ਤੇ ਨਵ-ਵਿਆਹੇ ਜੋੜੇ ਨੂੰ ਵਧਾਈਆਂ ਦੇ ਰਹੇ ਹਨ। ਇਸ ਵਿਆਹ ‘ਤੇ ਲੋਕ ਕਹਿੰਦੇ ਹਨ ਕਿ ਰੂਸ ਨਾ ਸਿਰਫ਼ ਸਾਡਾ ਦੋਸਤ ਬਣ ਗਿਆ ਹੈ, ਸਗੋਂ ਰਿਸ਼ਤੇਦਾਰ ਵੀ ਬਣ ਗਿਆ ਹੈ। ਇਸ ਦੇ ਨਾਲ ਹੀ, ਕੁਝ ਲੋਕ ਇਸ ਵਿਆਹ ਤੋਂ ਬਾਅਦ ਚੀਨ ਅਤੇ ਪਾਕਿਸਤਾਨ ਨੂੰ ਨਿਸ਼ਾਨਾ ਬਣਾ ਰਹੇ ਹਨ।




# ਬਰਖਾ ਸਿੰਘ ਨੇ ਕੀਤਾ ਖੁਲਾਸਾ



‘ਕ੍ਰਿਮੀਨਲ ਜਸਟਿਸ ਸੀਜ਼ਨ 4’ ’ਚ ਪੰਕਜ ਤ੍ਰਿਪਾਠੀ ਨਾਲ ਨਜ਼ਰ ਆਈ ਬਰਖਾ ਸਿੰਘ ਨੇ ਸਾਊਥ ਫਿਲਮ ਇੰਡਸਟਰੀ ਬਾਰੇ ਹੈਰਾਨ ਕਰਨ ਵਾਲਾ ਖੁਲਾਸਾ ਕੀਤਾ ਹੈ। ਉਸ ਨੇ ਦੱਸਿਆ ਕਿ ਇਕ ਵਾਰ ਉਸ ਨੂੰ ਹੈਰਾਨ ਕਰਨ ਵਾਲੀ ਈ-ਮੇਲ ਮਿਲੀ, ਜਿਸ ’ਚ ਉਸ ਨੂੰ ਸਾਊਥ ਦੀ ਇਕ ਫਿਲਮ ’ਚ ਰੋਲ ਦੇਣ ਦਾ ਪ੍ਰਸਤਾਵ ਦਿੱਤਾ ਗਿਆ ਸੀ ਪਰ ਬਦਲੇ ’ਚ ਸਮਝੌਤਾ ਕਰਨ ਦੀ ਗੱਲ ਕਹੀ ਗਈ ਸੀ।

ਉਸ ਨੇ ਕਿਹਾ, “ਕਿਸੀ ਨੇ ਮੇਰੇ ਈ-ਮੇਲ ‘ਤੇ ਇਕ ਫਿਲਮ ਦੇ ਰੋਲ ਦਾ ਆਫਰ ਭੇਜਿਆ ਸੀ।

ਮੈਨੂੰ ਯਾਦ ਹੈ ਕਿ ਇਹ ਸਾਊਥ ਦੀ ਫਿਲਮ ਨਾਲ ਜੁੜਿਆ ਮਾਮਲਾ ਸੀ ਅਤੇ ਮੇਰੇ ਕੋਲ ਇਸ ਦਾ ਸਬੂਤ ਹੈ।ਉਸ ਵਿਅਕਤੀ ਨੇ ਕਿਹਾ ਸੀ... ਇਨ੍ਹੇ ਸਾਰੇ ਸ਼ੂਟ ਲਈ ਜ਼ਰੂਰੀ ਚੀਜਾਂ ਬਹੁਤ ਸਾਰੀਆਂ ‘ ਹਨ। ਘੱਟ ਤੋਂ ਘੱਟ 36 ਗੱਲਾਂ ਦਾ ਧਿਆਨ ਰੱਖਣਾ ਹੁੰਦਾ ਹੈ। ਪਰ, ਸਮਝੌਤਾ ਜ਼ਰੂਰੀ ਹੈ। ਜੇਕਰ ਤੁਸੀਂ ਹਾਂ ਕਹਿ ਦਿੰਦੇ ਹੋ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਇਸ ਨਾਲ ਸਹਿਮਤ ਹੋ .... ਸਾਊਥ ’ਚ ਕੰਪ੍ਰੋਮਾਈਜ਼ ਕਰਨ ਦੀਆਂ ਗੱਲਾਂ ਸ਼ਰੇਆਮ ਹੁੰਦੀਆਂ ਹਨ।

“ਨਾਂ ਨਹੀਂ ਲਿਖਿਆ ਸੀ ਕਿ ਮੈਂ ਕਿਸ ਨਾਲ ਸਮਝੌਤਾ ਕਰਨਾ ਹੈ। ਇਹ ਬਹੁਤ ਪਹਿਲਾਂ ਨਹੀਂ ਹੋਇਆ ਸੀ, ਸਗੋਂ ਇਸ ਸਾਲ ਹੋਇਆ। ਮੈਂ ਬਹੁਤ ਕੋਸ਼ਿਸ਼ ਕਰਦੀ ਹਾਂ ਕਿ ਮੈਂ ਉਨ੍ਹਾਂ ਸਥਿਤੀਆਂ ’ਚ ਨਾ ਫਸਾਂ, ਜੋ ਕਰੀਅਰ ਬਰਬਾਦ ਕਰ ਦੇਣ। ਸਾਰਿਆਂ ਨੂੰ ਸੋਚ ਸਮਝ ਕੇ ਫੈਸਲਾ ਲੈਣਾ ਚਾਹੀਦਾ ਹੈ।

# ‘ਸਰਬਾਲਾ ਜੀ’ ਫਿਲਮ ਦਾ ਢਿੱਡੀਂ ਪੀੜਾਂ ਪਾਉਂਦਾ ਟ੍ਰੇਲਰ ਰਿਲੀਜ਼

ਪੰਜਾਬੀ ਫਿਲਮ ‘ਸਰਬਾਲਾ ਜੀ’ ਦਾ ਸ਼ਾਨਦਾਰ ਟ੍ਰੇਲਰ ਰਿਲੀਜ਼ ਹੋ ਗਿਆ ਹੈ, ਜੋ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਉਣ ਲਈ ਕਾਫ਼ੀ ਹੈ। ਇਹ ਫਿਲਮ ਉਨ੍ਹਾਂ ਵੇਲਿਆਂ ਦੀ ਗੱਲ ਕਰਦੀ ਹੈ, ਜਦੋਂ ਸਰਬਾਲਾ ਲਾੜੇ ਦੇ ਹਾਣ ਦਾ ਹੁੰਦਾ ਸੀ। ਪਹਿਲੀ ਵਾਰ ਅਜਿਹਾ ਵਿਸ਼ਾ ਪੰਜਾਬੀ ਸਿਨੇਮਾ ’ਚ ਵੱਡੇ ਪੱਧਰ ’ਤੇ ਦੇਖਣ ਨੂੰ ਮਿਲਣ ਵਾਲਾ ਹੈ।

ਫਿਲਮ ’ਚ ਐਮੀ ਵਿਰਕ ਲਾੜਾ ਬਣਿਆ ਹੈ ਤੇ ਗਿੱਪੀ ਗਰੇਵਾਲ ਸਰਬਾਲਾ, ਜਿਸ ਨੂੰ ਵਿਆਹੁਣ ਜਾਣ ਸਮੇਂ ਹੋ ਜਾਂਦਾ ਹੈ ਸਰਗੁਣ ਮਹਿਤਾ ਨਾਲ ਪਿਆਰ। ਉਥੇ ਹੀ ਨਿਮਰਤ ਖਹਿਰਾ ਦੀ ਜੋੜੀ ਸਾਨੂੰ ਫਿਲਮ ’ਚ ਐਮੀ ਵਿਰਕ ਨਾਲ ਦੇਖਣ ਨੂੰ ਮਿਲਣ ਵਾਲੀ ਹੈ। ਇਹ ਉਹ ਜੋੜੀਆਂ ਹਨ, ਜੋ ਪੰਜਾਬੀ ਸਿਨੇਮਾ ਪ੍ਰੇਮੀਆਂ ਦੇ ਦਿਲਾਂ ’ਚ ਪਹਿਲਾਂ ਤੋਂ ਹੀ ਖਿੱਚ ਪੈਦਾ ਕਰ ਚੁੱਕੀਆਂ ਹਨ।

ਫਿਲਮ ਦਾ ਟ੍ਰੇਲਰ ਸ਼ੁਰੂ ਤੋਂ ਲੈ ਕੇ ਅਖੀਰ ਤਕ ਕਾਮੇਡੀ ਨਾਲ ਭਰਪੂਰ ਹੈ, ਜਿਸ ’ਚ ਪੁਰਾਣੇ ਸਮੇਂ ਦੇ ਹਿਸਾਬ ਨਾਲ ਕਾਮੇਡੀ ਪੰਚ ਸੁਣਨ ਨੂੰ ਮਿਲ ਰਹੇ ਹਨ। ਇਸ ਦੇ ਨਾਲ ਹੀ ਬਹੁਤ ਹੀ ਟੈਲੇਂਟਿਡ ਸਪੋਰਟਿੰਗ ਕਾਸਟ ਵੀ ਟ੍ਰੇਲਰ ’ਚ ਦੇਖਣ ਨੂੰ ਮਿਲ ਰਹੀ ਹੈ। ਗਿੱਪੀ ਗਰੇਵਾਲ, ਐਮੀ ਵਿਰਕ, ਸਰਗੁਣ ਮਹਿਤਾ ਤੇ ਨਿਮਰਤ ਖਹਿਰਾ ਚਾਰੇ ਹੀ ਵੱਖਰੇ ਅੰਦਾਜ਼ ’ਚ ਇਸ ਵਾਰ ਦਰਸ਼ਕਾਂ ਦਾ ਮਨੋਰੰਜਨ ਕਰਨ ਆ ਰਹੇ ਹਨ।




ਫਿਲਮ ਨੂੰ ਮਨਦੀਪ ਕੁਮਾਰ ਨੇ ਡਾਇਰੈਕਟ ਕੀਤਾ ਹੈ, ਜਿਸ ਦੀ ਕਹਾਣੀ ਇੰਦਰਜੀਤ ਮੋਗਾ ਵਲੋਂ ਲਿਖੀ ਗਈ ਹੈ। ਫਿਲਮ ਕੁਮਾਰ ਤੌਰਾਨੀ ਤੇ ਗਿਰਿਸ਼ ਤੌਰਾਨੀ ਵਲੋਂ ਪ੍ਰੋਡਿਊਸ ਕੀਤੀ ਗਈ ਹੈ। ਦੁਨੀਆ ਭਰ ’ਚ ਇਹ ਫਿਲਮ 18 ਜੁਲਾਈ, 2025 ਨੂੰ ਰਿਲੀਜ਼ ਹੋਣ ਜਾ ਰਹੀ ਹੈ।

# ਬਾਲੀਵੁੱਡ

## 18 ਸਾਲ ਛੋਟੀ ਗਰਲਫ੍ਰੈਂਡ ਦੇ ਪਿਆਰ ’ਚ ਪਿਆ ਪੰਜਾਬੀ ਇੰਡਸਟਰੀ ਦਾ ਸਿਤਾਰਾ, ਬਿਨਾਂ ਵਿਆਹ ਤੋਂ ਰਹਿ ਰਹੇ ਇਕੱਠੇ



ਫਿਲਮੀ ਦੁਨੀਆਂ ਦੇ ਸਿਤਾਰੇ ਕਿਸੇ ਨਾਲ ਕਿਸੇ ਵਜ੍ਹਾ ਕਾਰਨ ਚਰਚਾ ’ਚ ਆ ਹੀ ਜਾਂਦੇ ਹਨ। ਇਸ ਤਰ੍ਹਾਂ ਹੀ ਬਾਲੀਵੁੱਡ ਵਿੱਚ ਬਹੁਤ ਸਾਰੇ ਜੋੜੇ ਹਨ ਜੋ ਸਾਲਾਂ ਤੋਂ ਇੱਕ ਰਿਸ਼ਤੇ ਵਿੱਚ ਹਨ, ਇਕੱਠੇ ਰਹਿੰਦੇ ਹਨ ਅਤੇ ਇੱਕ ਦੂਜੇ ਨੂੰ ਬਹੁਤ ਪਿਆਰ ਕਰਦੇ ਹਨ, ਪਰ ਇਨ੍ਹਾਂ ਸਿਤਾਰਿਆਂ ਨੇ ਅਜੇ ਤੱਕ ਵਿਆਹ ਨਹੀਂ ਕੀਤਾ ਹੈ। ਇਹਨਾਂ ਜੋੜਿਆਂ ਵਿੱਚੋਂ ਇੱਕ ਮੁਗਧਾ ਗੋਡਸੇ ਅਤੇ ਰਾਹੁਲ ਦੇਵ ਹੈ। ਇਸ ਜੋੜੇ ਨੇ ਅਕਤੂਬਰ 2015 ਵਿੱਚ ਆਪਣੇ ਰਿਸ਼ਤੇ ਨੂੰ ਅਧਿਕਾਰਤ ਕੀਤਾ ਸੀ, ਉਦੋਂ ਤੋਂ ਉਨ੍ਹਾਂ ਦੇ ਪ੍ਰਸ਼ੰਸਕ ਉਨ੍ਹਾਂ ਦੇ ਵਿਆਹ ਦੀ ਉਮੀਦ ਕਰ ਰਹੇ ਹਨ, ਪਰ ਇਸ ਜੋੜੇ ਨੇ ਅਜੇ ਤੱਕ ਵਿਆਹ ਨਹੀਂ ਕੀਤਾ ਹੈ। ਮੁਗਧਾ ਗੋਡਸੇ ਸਾਲਾਂ ਤੋਂ ਰਾਹੁਲ ਦੇਵ ਨਾਲ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹਿ ਰਹੀ ਹੈ, ਪਰ ਵਿਆਹ ਬਾਰੇ ਫੈਸਲਾ ਨਹੀਂ ਲਿਆ ਹੈ। ਉਨ੍ਹਾਂ ਦੇ ਰਿਸ਼ਤੇ ਨੂੰ 12 ਸਾਲ ਹੋ ਗਏ ਹਨ।

ਅਦਾਕਾਰ ਰਾਹੁਲ ਅਤੇ ਮੁਗਧਾ ਹਮੇਸ਼ਾ ਇੱਕ ਦੂਜੇ ਨਾਲ ਆਪਣੀਆਂ ਮਨਮੋਹਕ ਤਸਵੀਰਾਂ ਸਾਂਝੀਆਂ ਕਰਦੇ ਹਨ। ਹਾਲ ਹੀ ਵਿੱਚ ਕੁਝ ਅਜਿਹਾ ਹੀ ਦੇਖਣ ਨੂੰ ਮਿਲਿਆ। ਇਸ ਜੋੜੇ ਨੇ ਸੋਸ਼ਲ ਮੀਡੀਆ ’ਤੇ ਇੱਕ ਬਹੁਤ ਹੀ ਖੂਬਸੂਰਤ ਤਸਵੀਰ ਸਾਂਝੀ ਕੀਤੀ ਹੈ, ਜਿਸ ਵਿੱਚ ਦੋਵੇਂ ਇੱਕ ਦੂਜੇ ਦੀਆਂ ਅੱਖਾਂ ਵਿੱਚ ਗੁਆਚੇ ਹੋਏ ਦਿਖਾਈ ਦੇ ਰਹੇ ਹਨ। ਤਸਵੀਰ ਵਿੱਚ ਇਹ ਜੋੜਾ ਇੱਕ ਬੈਂਚ ’ਤੇ ਬੈਠਾ ਹੋਇਆ ਹੈ ਅਤੇ ਇੱਕ ਦੂਜੇ ਨੂੰ ਦੇਖ ਰਿਹਾ ਹੈ। ਇਸ ਤਸਵੀਰ ਨੂੰ ਸਾਂਝਾ ਕਰਦੇ ਹੋਏ ਮੁਗਧਾ ਨੇ ਦੱਸਿਆ ਕਿ ਉਨ੍ਹਾਂ ਦੇ ਰਿਸ਼ਤੇ ਨੂੰ 12 ਸਾਲ ਹੋ ਗਏ ਹਨ।

ਅਦਾਕਾਰ ਰਾਹੁਲ ਦੇਵ ਨਾਲ ਇਸ ਖੂਬਸੂਰਤ ਤਸਵੀਰ ਨੂੰ ਸਾਂਝਾ ਕਰਦੇ ਹੋਏ ਮੁਗਧਾ ਗੋਡਸੇ ਨੇ ਕੈਪਸ਼ਨ ਵਿੱਚ ਲਿਖਿਆ - ‘12 ਸਾਲ (ਕੌਣ ਗਿਣ ਰਿਹਾ ਹੈ), ਇਸ ਦੇ ਨਾਲ ਉਨ੍ਹਾਂ ਨੇ ਵਰ੍ਹੇਗੰਢ, ਪਿਆਰ ਅਤੇ ਜੋੜੇ ਦੇ ਗੋਲ ਵਰਗੇ ਹੈਸ਼ਟੈਗ ਵਰਤੇ ਹਨ। ਜੋੜੇ ਦੀ ਇਸ ਤਸਵੀਰ ’ਤੇ ਪ੍ਰਸ਼ੰਸਕ ਕੁਮੈਂਟ ਕਰਕੇ ਵਧਾਈਆਂ ਦੇ ਰਹੇ ਹਨ।

# ਪਾਕਿ ’ਚ ਦਲੀਪ ਕੁਮਾਰ ਤੇ ਰਾਜ ਕਪੂਰ ਦੇ ਪੁਸ਼ਤੈਨੀ ਘਰ ਬਣਨਗੇ ਮਿਊਜ਼ੀਅਮ



ਪਾਕਿਸਤਾਨ ਦੀ ਖ਼ੈਬਰ ਪਖ਼ਤੂਨਖ਼ਵਾ ਸੂਬਾਈ ਸਰਕਾਰ ਨੇ ਬੀਤੇ ਦਿਨ ਬੁੱਧਵਾਰ ਨੂੰ ਇੱਥੇ ਭਾਰਤ ਦੇ ਨਾਮੀ ਫਿਲਮ ਸਿਤਾਰਿਆਂ ਦਲੀਪ ਕੁਮਾਰ ਅਤੇ ਰਾਜ ਕਪੂਰ ਨਾਲ ਸਬੰਧਤ ਇਤਿਹਾਸਕ ਇਮਾਰਤਾਂ ਦੀ ਬਹਾਲੀ ਅਤੇ ਸੰਭਾਲ ਲਈ 3.38 ਕਰੋੜ ਰੁਪਏ ਦੀ ਰਕਮ ਮਨਜ਼ੂਰ ਕੀਤੀ ਹੈ। ਸੂਬੇ ਮੁੱਖ ਮੰਤਰੀ ਅਲੀ ਅਮੀਨ ਗੰਡਾਪੁਰ ਅਤੇ ਸੈਰ-ਸਪਾਟਾ ਤੇ ਪੁਰਾਤੱਤਵ ਸਲਾਹਕਾਰ ਜ਼ਾਹਿਦ ਖਾਨ ਸ਼ਿਨਵਾਰੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਇਹ ਮਨਜ਼ੂਰੀ ਦਿੱਤੀ ਗਈ ਹੈ।

ਮੀਟਿੰਗ ਨੇ ਸੰਸਾਰ ਬੈਂਕ ਦੇ KITE ਪ੍ਰੋਗਰਾਮ ਤਹਿਤ ਖ਼ੈਬਰ ਪਖ਼ਤੂਨਖ਼ਵਾ ਸੂਬੇ ਵਿੱਚ ਵਿਰਾਸਤ ਸੰਭਾਲ ਅਤੇ ਸੈਰ-ਸਪਾਟਾ ਪ੍ਰਮੋਸ਼ਨ ਲਈ ਮੁੱਖ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਹੈ। ਰਾਜ ਕਪੂਰ ਅਤੇ ਦਲੀਪ ਕੁਮਾਰ ਦੀਆਂ ਇਹ ਵਿਰਾਸਤੀ ਇਤਿਹਾਸਕ ਇਮਾਰਤਾਂ, ਜਿਨ੍ਹਾਂ ਨੂੰ ਪਾਕਿਸਤਾਨ ਸਰਕਾਰ ਵੱਲੋਂ ਪਹਿਲਾਂ ਹੀ ਕੌਮੀ ਵਿਰਾਸਤ ਐਲਾਨਿਆ ਜਾ ਚੁੱਕਾ ਹੈ, ਖ਼ਸਤਾ ਹਾਲਤ ਵਿੱਚ ਹਨ।

ਖ਼ੈਬਰ ਪਖ਼ਤੂਨਖ਼ਵਾ ਪੁਰਾਤੱਤਵ ਵਿਭਾਗ ਨੇ ਦੋਵਾਂ ਅਦਾਕਾਰਾਂ ਦੇ ਜੀਵਨ ਅਤੇ ਕਰੀਅਰ ਨੂੰ ਸਮਰਪਿਤ ਦੋਵਾਂ ਇਮਾਰਤਾਂ ਨੂੰ ਅਜਾਇਬ ਘਰਾਂ ਵਿੱਚ ਬਦਲਣ ਦੀ ਯੋਜਨਾ ਬਣਾਈ ਹੈ। ਤਤਕਾਲੀ ਪਾਕਿਸਤਾਨੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ 13 ਜੁਲਾਈ, 2014 ਨੂੰ ਇਨ੍ਹਾਂ ਘਰਾਂ ਨੂੰ ਕੌਮੀ ਵਿਰਾਸਤ ਕਰਾਰ ਦਿੱਤਾ ਸੀ।

ਪੁਰਾਤੱਤਵ ਵਿਭਾਗ ਦੇ ਡਾਇਰੈਕਟਰ ਡਾ. ਅਬਦੁਸ ਸਮਦ ਨੇ ਕਿਹਾ ਕਿ ਸਰਕਾਰ ਇਨ੍ਹਾਂ ਜਾਇਦਾਦਾਂ ਨੂੰ ਹਾਸਲ ਕਰਨ ਅਤੇ ਇਨ੍ਹਾਂ ਨੂੰ ਅਜਾਇਬ ਘਰਾਂ ਵਿੱਚ ਬਦਲਣ ਦਾ ਇਰਾਦਾ ਰੱਖਦੀ ਹੈ। ਅਜਾਇਬ ਘਰ ਦਲੀਪ ਕੁਮਾਰ ਅਤੇ ਰਾਜ ਕਪੂਰ ਦੀ ਪਿਸ਼ਾਵਰ ਤੋਂ ਮੁੰਬਈ ਤੱਕ ਦੀ ਯਾਤਰਾ ਨੂੰ ਪ੍ਰਦਰਸ਼ਿਤ ਕਰਨਗੇ, ਜਿਨ੍ਹਾਂ ਵਿੱਚ ਇੱਕ ਸਮਰਪਿਤ ਗੈਲਰੀ ਵੀ ਸ਼ਾਮਲ ਹੋਵੇਗੀ।

# ਵਿਆਹ 'ਚ ਰੋਟੀ ਬੰਨ੍ਹਣ 'ਤੇ ਛੁਡਾਉਣ ਦੀ ਰਵਾਇਤ



ਪੰਜਾਬੀਆਂ ਬਾਰੇ ਪ੍ਰਚੱਲਿਤ ਹੈ ਕਿ ਇਹ ਜੰਮਣ ਤੋਂ ਲੈ ਕੇ ਮਰਨ ਤੱਕ ਲੋਕ ਗੀਤਾਂ ਦੇ ਪੰਘੂੜੇ ਵਿੱਚ ਝੂਲਦੇ ਹਨ। ਇਹ ਇਨ੍ਹਾਂ ਦੀ ਰੂਹ ਦੀ ਖ਼ੁਰਾਕ ਹਨ। ਪੰਜਾਬੀਆਂ ਦਾ ਜੀਵਨ ਮੇਲਿਆਂ, ਤਿਉਹਾਰਾਂ, ਰਹੁ-ਰੀਤਾਂ, ਅਨੁਸ਼ਠਾਨਾਂ ਅਤੇ ਬੰਦੇ ਦੇ ਮਨ ਦੀਆਂ ਭਾਵਨਾਵਾਂ ਨੂੰ ਪੇਸ਼ ਕਰਨ ਵਾਲੇ ਲੋਕ ਗੀਤਾਂ ਨਾਲ ਭਰਪੂਰ ਹੈ। ਇਨ੍ਹਾਂ ਦਾ ਜੰਮਣ, ਮਰਨ, ਵਿਆਹ ਅਤੇ ਖ਼ੁਸ਼ੀ-ਗ਼ਮੀ ਦਾ ਹਰ ਮੌਕਾ ਲੋਕ ਗੀਤਾਂ ਨਾਲ ਹੀ ਪੂਰਾ ਹੁੰਦਾ ਹੈ। ਭੰਗੜੇ 'ਚ ਪੈਂਦੀ ਧਮਾਲ, ਗਿੱਧੇ ਵਿੱਚ ਪੈਂਦੀ ਬਾਜ਼ੀ ਅਤੇ ਪਿੜਾਂ ਵਿੱਚ ਖੇਡੀ ਜਾਂਦੀ ਕਬੱਡੀ ਇਨ੍ਹਾਂ ਦੀ ਬਹਾਦਰੀ, ਖ਼ੁਸ਼ੀ ਅਤੇ ਸਰੀਰਕ ਤੰਦਰੁਸਤੀ ਦੀ ਦੱਸ ਪਾਉਂਦੇ ਹਨ।

ਖ਼ੁਸ਼ੀ ਦੇ ਹੋਰਨਾਂ ਮੌਕਿਆਂ 'ਚੋਂ ਵਿਆਹ ਪੰਜਾਬੀਆਂ ਦਾ ਸਭ ਤੋਂ ਵੱਡਾ ਉਤਸਵ ਹੈ। ਇਸ ਉਤਸਵ 'ਤੇ ਇਹ ਆਪਣੇ-ਆਪ ਨੂੰ ਰੀਝ ਨਾਲ ਸ਼ਿੰਗਾਰਦੇ ਹਨ। ਲੰਬਾ ਸਮਾਂ ਪਹਿਲਾਂ ਤਿਆਰੀਆਂ ਆਰੰਭ ਦਿੰਦੇ ਹਨ। ਪੰਜ ਕੁ ਦਹਾਕੇ ਪਹਿਲਾਂ ਪੰਜਾਬੀਆਂ ਦੇ ਵਿਆਹ ਮਹੀਨਾ-ਮਹੀਨਾ ਚੱਲਦੇ ਸਨ। ਹੌਲੀ-ਹੌਲੀ ਇਹ ਪੰਦਰਾਂ ਦਿਨਾਂ ਤੱਕ ਸੀਮਤ ਹੋਏ। ਅੱਜ ਵਿਆਹ ਤਿੰਨ ਘੰਟਿਆਂ ਵਿੱਚ ਨਿੱਬੜ ਜਾਂਦਾ ਹੈ। ਨਵੇਂ ਯੁੱਗ ਦੀ ਆਮਦ ਨਾਲ ਵਿਆਹਾਂ ਵਿੱਚੋਂ ਲੋਕਧਾਰਾ ਦੀ ਝਲਕ ਲੱਭਣੀ ਔਖੀ ਹੋ ਗਈ ਹੈ। ਪੁਰਾਣੇ ਵਿਆਹਾਂ ਵਿੱਚ ਖ਼ੁਸ਼ੀ ਲਈ ਕੀਤੀਆਂ ਜਾਣ ਵਾਲੀਆਂ ਰਹੁ-ਰੀਤਾਂ ਦੀ ਸਾਰਥਿਕ ਅਹਿਮੀਅਤ ਹੁੰਦੀ ਸੀ, ਪ੍ਰੰਤੂ ਅਜੋਕੇ ਵਿਆਹਾਂ ਵਿੱਚ ਦਿਖਾਵੇ ਲਈ ਕੀਤੇ ਜਾਂਦੇ ਖ਼ਰਚੀਲੇ ਢੰਗ ਅਹਿਮ ਥਾਂ ਲੈ ਗਏ ਹਨ।

ਪੁਰਾਣੇ ਵਿਆਹਾਂ ਵਿੱਚ ਇੰਨੇ ਸ਼ਗਨ-ਵਿਹਾਰ ਕੀਤੇ ਜਾਂਦੇ ਸਨ ਕਿ ਇਨ੍ਹਾਂ ਦਾ ਇੱਕ ਮਹੀਨਾ ਚੱਲਣਾ ਵੀ ਥੋੜ੍ਹਾ ਪੈ ਜਾਂਦਾ ਸੀ। ਰਿਸ਼ਤੇਦਾਰ ਅਤੇ ਆਂਢੀ-ਗੁਆਂਢੀ ਕਈ-ਕਈ ਦਿਨ ਪਹਿਲਾਂ ਹੀ ਵਿਆਹ ਵਾਲੇ ਘਰ ਆ ਜਾਂਦੇ ਸਨ। ਬਰਾਤ ਢੁੱਕਣ ਦਾ ਦਿਨ ਇਸ ਮੇਲੇ ਦਾ ਸਿਖ਼ਰ ਵੱਲ ਜਾਣਾ ਹੁੰਦਾ ਸੀ। ਲੜਕੀ ਵਾਲਿਆਂ ਦੇ ਘਰ ਬਰਾਤ ਢੁੱਕਣ ਬਾਅਦ ਮਿਲਣੀ ਹੁੰਦੀ ਸੀ ਅਤੇ ਇਸ ਤੋਂ ਬਾਅਦ ਜੰਞ ਨੂੰ ਧਰਮਸ਼ਾਲਾ ਜਾਂ ਕਿਸੇ ਦਲਾਨ ਵਿੱਚ ਬਿਠਾਇਆ ਜਾਂਦਾ ਸੀ। ਇੱਥੇ ਇਨ੍ਹਾਂ ਦੇ ਬੈਠਣ ਲਈ ਸੋਹਣਾ ਇੰਤਜ਼ਾਮ ਕੀਤਾ ਜਾਂਦਾ ਸੀ। ਨਿੱਕੀਆਂ ਮੋਟੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਪਿੰਡ ਦੇ ਨੌਜਵਾਨ ਹਾਜ਼ਰ ਰਹਿੰਦੇ ਸਨ। ਇਨ੍ਹਾਂ ਨੂੰ 'ਪਰੀਹੇ' ਕਿਹਾ ਜਾਂਦਾ ਸੀ। ਬਰਾਤ ਢੁੱਕਣ ਤੋਂ ਬਾਅਦ ਰਸਮਾਂ ਦਾ ਤਾਂਤਾ ਲੱਗ ਜਾਂਦਾ ਸੀ। ਆਨੰਦ-ਕਾਰਜ ਦੀ ਰਸਮ ਪੂਰੀ ਹੋ ਜਾਣ ਤੋਂ ਬਾਅਦ ਬਰਾਤੀਆਂ ਨੂੰ ਰੋਟੀ ਖਵਾਉਣ ਸਮੇਂ ਇੱਕ ਬੜੀ ਹੀ ਰੋਚਕ ਰਸਮ ਹੁੰਦੀ ਸੀ ਜਿਸ ਨੂੰ 'ਪੱਤਲ' ਕਿਹਾ ਜਾਂਦਾ ਸੀ।

ਉਸ ਸਮੇਂ ਰੋਟੀ ਰੁੱਖਾਂ ਦੇ ਪੱਤਿਆਂ ਦੀਆਂ ਬਣੀਆਂ ਵੱਡੀਆਂ ਪੱਤਲਾਂ 'ਤੇ ਵਰਤਾਈ ਜਾਂਦੀ ਸੀ। ਇਸ ਰਸਮ ਦਾ ਨਾਂ ਵੀ ਇਸੇ ਕਰਕੇ 'ਪੱਤਲ' ਪਿਆ ਸੀ। ਪੱਤਲ ਦੇ ਦੋ ਤਰ੍ਹਾਂ ਦੇ ਭਾਵ ਸਨ। ਇੱਕ ਪੱਤਲ ਉਹ ਸੀ ਜਿਸ ਵਿੱਚ ਬਰਾਤ ਵਿੱਚ ਗਏ ਬਰਾਤੀ ਉਸੇ ਪਿੰਡ ਵਿੱਚ ਪਹਿਲਾਂ ਵਿਆਹੀ ਧੀ ਦੇ ਘਰ ਜਾਂ ਉਸੇ ਪਿੰਡ ਵਿੱਚ ਪੈਂਦੀ ਕਿਸੇ ਹੋਰ ਰਿਸ਼ਤੇਦਾਰੀ ਵਿੱਚ ਖ਼ੁਸ਼ੀ ਵਜੋਂ ਮਠਿਆਈ ਦੇਣ ਜਾਂਦੇ ਸਨ। ਉਸ ਦੀ ਸੁੱਖ-ਸਾਂਦ ਪੁੱਛਦੇ ਤੇ ਸ਼ਗਨ ਦਿੰਦੇ ਸਨ। ਇਸ ਨੂੰ 'ਪਰੋਸਾ ਦੇਣਾ' ਵੀ ਕਿਹਾ ਜਾਂਦਾ ਸੀ। ਦੂਸਰੀ ਪੱਤਲ ਦਾ ਸਬੰਧ ਬਰਾਤੀਆਂ ਦੇ ਰੋਟੀ ਖਾਣ ਨਾਲ ਹੁੰਦਾ ਸੀ। ਬਰਾਤੀ ਰੋਟੀ ਖਾਣ ਲੱਗਦੇ ਤਾਂ ਲੜਕੀ ਵਾਲੀ ਧਿਰ ਦੀਆਂ ਔਰਤਾਂ ਬਰਾਤ ਦੀ ਅਕਲ ਪਰਖਣ ਲਈ ਕਾਵਿਕ ਤੁਕਾਂ ਗਾ ਕੇ ਉਨ੍ਹਾਂ ਦੀ ਰੋਟੀ ਬੰਨ੍ਹ ਦਿੰਦੀਆਂ ਸਨ। ਇਸ ਨੂੰ 'ਬਰਾਤ ਬੰਨ੍ਹਣਾ' ਜਾਂ 'ਪੱਤਲ ਬੰਨ੍ਹਣਾ' ਕਿਹਾ ਜਾਂਦਾ ਸੀ। ਬਰਾਤ ਬੰਨ੍ਹੇ ਜਾਣ 'ਤੇ ਬਰਾਤੀ ਓਨਾਂ ਸਮਾਂ ਰੋਟੀ ਨਹੀਂ ਖਾ ਸਕਦੇ ਸਨ ਜਿੰਨਾ ਸਮਾਂ ਕੋਈ ਬਰਾਤੀ ਮੋੜਵੇਂ ਜਵਾਬ ਵਜੋਂ ਕਾਵਿਕ ਤੁਕਾਂ ਬੋਲ ਕੇ ਬਰਾਤ ਨਹੀਂ ਛੁਡਾਉਂਦਾ ਸੀ। ਬਰਾਤ ਵਿੱਚ ਵੱਖ-ਵੱਖ ਸਮਿਆਂ 'ਤੇ ਪੈਣ ਵਾਲੀਆਂ ਲੋੜਾਂ ਦੀ ਪੂਰਤੀ ਲਈ ਹੀ ਬਰਾਤ ਵਿੱਚ ਹਰ ਤਰ੍ਹਾਂ ਦੇ ਬੰਦੇ ਲਿਜਾਏ ਜਾਂਦੇ ਸਨ। ਬਰਾਤ ਵਿੱਚ ਬੱਚਾ, ਬਜ਼ੁਰਗ, ਨੌਜਵਾਨ, ਬੋਲੀਆਂ ਪਾਉਣ ਦਾ ਮਾਹਿਰ, ਮਸ਼ਕਰੀ ਕਰਨ ਵਾਲਾ, ਹਾਜ਼ਰ ਜੁਆਬ, ਭਲਵਾਨ, ਲੜਾਕਾ, ਦਿਮਾਗੀ, ਸਿਧਰਾ, ਨਚਾਰ ਸਭ ਗੁਣਾਂ ਵਾਲੇ ਸੋਚ ਸਮਝ ਕੇ ਸ਼ਾਮਿਲ ਕੀਤੇ ਜਾਂਦੇ ਸਨ। ਬੇਗਾਨੀ ਧੀ ਨੂੰ ਵਿਆਹ ਕੇ ਲਿਆਉਣਾ ਜੰਗ ਜਿੱਤ ਕੇ ਮੁੜਨ ਜਿੱਡਾ ਕਾਰਜ ਹੀ ਹੁੰਦਾ ਸੀ।

ਰੋਟੀ ਬੰਨ੍ਹਣ ਤੇ ਛੁਡਾਉਣ ਵਾਲਾ ਪੜਾਅ ਬੜਾ ਰੋਚਕ ਹੁੰਦਾ ਸੀ। ਔਰਤਾਂ ਕੋਲ ਕਮਾਲ ਦੀ ਕਾਵਿਕ ਪ੍ਰਤਿਭਾ ਹੁੰਦੀ ਸੀ। ਬਰਾਤ ਰੋਟੀ ਖਾਣ ਬੈਠਦੀ ਤਾਂ ਔਰਤਾਂ ਕਿਸੇ ਕੋਨੇ ਵਿੱਚ ਖੜ੍ਹੀਆਂ ਬਰਾਤ ਦੀ ਰੋਟੀ ਬੰਨ੍ਹ ਦਿੰਦੀਆਂ। ਉਹ ਸਿਰਫ਼ ਰੋਟੀ ਹੀ ਨਹੀਂ ਬੰਨ੍ਹਦੀਆਂ ਸਨ ਸਗੋਂ ਇਸ ਤੋਂ ਅਗਾਂਹ ਉਨ੍ਹਾਂ ਦੇ ਪਾਏ ਹੋਏ ਗਹਿਣੇ, ਹੱਥਾਂ ਵਿੱਚ ਫੜੀਆਂ ਡਾਂਗਾਂ, ਖੂੰਡੇ ਆਦਿ ਵੀ ਬੰਨ੍ਹ ਦਿੰਦੀਆਂ ਸਨ। ਪੱਤਲ ਦੇ ਬੋਲ ਸਥਿਤੀਆਂ ਅਨੁਸਾਰ ਬਦਲ ਜਾਂਦੇ ਸਨ ਅਤੇ ਇਸ ਦਾ ਆਕਾਰ ਇਸ ਵਿੱਚ ਗਿਣੀਆਂ ਜਾਣ ਵਾਲੀਆਂ ਚੀਜ਼ਾਂ ਦੇ ਹਿਸਾਬ ਨਾਲ ਲੰਬਾ ਹੋ ਜਾਂਦਾ ਸੀ;

**ਜੰਨ ਖਾਣੇ ਛੱਤੀ ਬੰਨ੍ਹ ਤੇ ਬਠਾਇਕੇ**
**ਅੱਡੀ ਚੋਟੀ ਲੱਕ ਧੌਣ ਜਿੰਦੇ ਲਾਇਕੇ**
**ਕੋਟ ਚੋਗੇ ਕੁੜਤੇ ਰੁਮਾਲ ਬੰਨ੍ਹਿਆ**
**ਪੱਗ ਸਾਫ਼ਾ ਚੀਰਾ ਭੌਥਾ ਨਾਲ ਬੰਨ੍ਹਿਆ**

ਪੱਤਲ ਬੰਨ੍ਹੇ ਜਾਣ 'ਤੇ ਬਰਾਤੀ ਰੋਟੀ ਅਤੇ ਬੰਨ੍ਹੀਆਂ ਗਈਆਂ ਬਾਕੀ ਸਾਰੀਆਂ ਚੀਜ਼ਾਂ ਨੂੰ ਹੱਥ ਨਹੀਂ ਲਗਾ ਸਕਦੇ ਸਨ। ਜੇ ਅਜਿਹਾ ਕਰਦੇ ਸਨ ਤਾਂ ਉਨ੍ਹਾਂ ਨੂੰ ਮੂਰੇ ਭਾਵ ਮੂਰਖ ਸਮਝਿਆ ਜਾਂਦਾ ਸੀ। ਇਸ ਸਮੇਂ ਦੋਹਾਂ ਧਿਰਾਂ ਵੱਲੋਂ ਇੱਕ-ਦੂਸਰੀ ਨੂੰ ਨੀਵਾਂ ਦਿਖਾਉਣ 'ਤੇ ਜ਼ੋਰ ਲੱਗਾ ਹੁੰਦਾ ਸੀ। ਬਰਾਤ ਨੂੰ ਬੰਨ੍ਹਣ ਵਾਲੀਆਂ ਔਰਤਾਂ ਬਰਾਤ ਨੂੰ ਬੰਨ੍ਹਣ ਸਮੇਂ ਬਰਾਤੀਆਂ ਨੂੰ ਕਮਅਕਲ, ਚੱਜ-ਅਚਾਰ ਤੇ ਸੱਖਣੇ, ਅੰਨ-ਖਾਣੇ, ਕਰੂਪ ਦੇਹਾਂ ਵਾਲੇ, ਬੇਵਕੂਫ ਅਤੇ ਚਟਕੂਰੇ ਢਿੱਡਾਂ ਵਾਲੇ ਕਹਿੰਦੀਆਂ ਸਨ;

**ਝਾਕਦੇ ਕਸੂਤ ਕਿਸੇ ਊਤਨੀ ਦੇ ਊਤ**
**ਅੰਨ ਭੱਛਣੇ ਕੋ ਭੂਤ ਨਰ ਦੇਹੀ ਪਿੰਡ ਧਾਰ ਕੇ**
**ਪੰਡਤ ਅਮੀਰ ਮੈਨੂੰ ਕੋਈ ਨਾ ਮਾਲੂਮ ਹੋਵੇ**
**ਪਸ਼ੂ ਤੇ ਪਰੇਤ ਸਾਡੇ ਪਿੰਡ ਕਾਹਨੂੰ ਆਏ ਵੇ**
**ਜਾਨੀ ਆਏ ਮੂਰੇ ਵੇ ਹੰਢਾਂਵਦੇ ਨੇ ਭੂਰੇ**
**ਫੇਰ ਢਿੱਡ ਚਟਕੂਰੇ ਜਿਵੇਂ ਪੱਥੀਆਂ ਕੁਨਾਲੀਆਂ**

ਬਰਾਤ ਵਿੱਚ ਮੌਜੂਦ ਸ਼ਾਇਰਾਨਾ ਸੁਭਾਅ ਵਾਲੇ ਬੰਦੇ ਦੀ ਇਸ ਵੇਲੇ ਪਰਖ ਹੁੰਦੀ ਸੀ। ਉਸ ਨੇ ਮੌਕੇ 'ਤੇ ਹੀ ਤੁਕਾਂ ਜੋੜ ਕੇ ਜਵਾਬ ਦੇਣਾ ਹੁੰਦਾ ਸੀ। ਬੰਨ੍ਹੀ ਜੰਞ ਛੁਡਾਉਣੀ ਹੁੰਦੀ ਸੀ। ਔਰਤਾਂ ਨੇ ਜਿੱਡੇ ਵਿਅੰਗ ਭਰੇ ਬੋਲਾਂ ਨਾਲ ਬਰਾਤ ਨੂੰ ਬੰਨ੍ਹਿਆ ਹੁੰਦਾ ਸੀ, ਉਸ ਤੋਂ ਵਧੇਰੇ ਵਿਅੰਗ ਭਰੇ ਬੋਲਾਂ ਨਾਲ ਬਰਾਤੀ ਸ਼ਾਇਰ ਬਾਰਤ ਨੂੰ ਛੁਡਾਉਂਦਾ ਸੀ। ਬਰਾਤ ਵਿੱਚ ਸਭ ਤੋਂ ਅਹਿਮ ਲਾੜਾ ਹੁੰਦਾ ਹੈ। ਇਸ ਲਈ ਸਭ ਤੋਂ ਪਹਿਲਾਂ ਇਹ ਸ਼ਾਇਰ ਲਾੜੇ ਨੂੰ ਛੁਡਾਉਂਦਾ ਸੀ। ਉਸ ਤੋਂ ਬਾਅਦ ਬਰਾਤੀਆਂ ਦੀ ਵਾਰੀ ਆਉਂਦੀ;

**ਲਾੜਾ ਛੁੱਟਿਆ ਨਿਰਾਲਾ ਨਾਲੇ ਬਾਲਾ ਸਰਬਾਲਾ**
**ਉੱਚਾ ਸਿੰਘ ਦਾ ਦੁਮਾਲਾ ਮੱਲ ਪੂਰੀ ਬਾਤ ਦੇ**
**ਰੱਥ ਗੱਡੀਆਂ ਸ਼ਿੰਗਾਰ ਲਾਰੀ ਸਾਈਕਲਾਂ ਤੇ ਕਾਰਾਂ**
**ਛੁੱਟੇ ਸਣੇ ਅਸਵਾਰਾਂ ਉੱਠ ਘੋੜੇ ਘੋੜੀਆਂ**

ਪੱਤਲ ਛੁਡਾਉਣ ਵਾਲਾ ਬਰਾਤੀ ਸ਼ਾਇਰ ਪੱਤਲ ਬੰਨ੍ਹਣ ਵਾਲੀਆਂ ਔਰਤਾਂ 'ਤੇ ਮੋੜਵਾਂ ਵਾਰ ਕਰਦਾ ਅਤੇ ਉਨ੍ਹਾਂ ਨੂੰ ਬੰਨ੍ਹ ਦਿੰਦਾ। ਉਨ੍ਹਾਂ ਨੂੰ ਆਪਣੀ ਵਿਅੰਗ ਭਰੀ ਸ਼ਾਇਰੀ ਨਾਲ ਸ਼ਰਮਿੰਦੀਆਂ ਕਰ ਦਿੰਦਾ। ਉਹ ਪਿੜ ਛੱਡ ਕੇ ਭੱਜਣ ਲਈ ਮਜਬੂਰ ਹੋ ਜਾਂਦੀਆਂ। ਉਹ ਬਰਾਤ ਬੰਨ੍ਹਣ ਵਾਲੀਆਂ ਦੇ ਪਹਿਨੇ ਹੋਏ ਸੂਟਾਂ ਅਤੇ ਪਾਏ ਹੋਏ ਗਹਿਣਿਆਂ ਨੂੰ ਬੰਨ੍ਹ ਦਿੰਦਾ;

**ਬੰਨ੍ਹੇ ਰੇਸ਼ਮ ਦੇ ਸੂਟ ਪੈਰੀਂ ਪਾਏ ਫੁੱਲ ਬੂਟ**
**ਨਾਲੇ ਵਿਆਹੀ ਜਿਹੜੀ ਕੂਟ ਰੋਕ ਦੇਊਂ ਰਸਤਾ**
**ਬੰਨ੍ਹੇ ਲੌਕੇਟ ਜ਼ੰਜੀਰ ਹਾਰ ਢੌਂਦੇ ਨੀਂ ਅਮੀਰ**
**ਥੋੜੇ ਨਾਜ਼ੁਕ ਸਰੀਰ ਅੱਖਾਂ ਰੰਗ ਰੱਤੀਆਂ**
**ਬੰਨ੍ਹਾ ਚੰਦ ਚੌਕ ਤੀਲੀ ਲੌਂਗ ਕੋਕੋ ਨੱਕ**
**ਥੋੜਾ ਝੂਟੇ ਖਾਂਦਾ ਲੱਕ ਜਦੋਂ ਪਾਵੋਂ ਲਹਿੰਗੇ ਨੀਂ**

ਕਈ ਵਾਰ ਜਦੋਂ ਬਰਾਤੀ ਜੰਞ ਨਾ ਛੁਡਾ ਸਕਦੇ, ਉਹ ਹਾਰ ਹੀ ਮੰਨ ਜਾਂਦੇ ਤਾਂ ਬਰਾਤ ਬੰਨ੍ਹਣ ਵਾਲੀਆਂ ਔਰਤਾਂ ਲਈ ਇਹ ਖ਼ੁਸ਼ੀ ਦਾ ਸਬੱਬ ਬਣਦਾ। ਉਹ ਬਰਾਤ ਨੂੰ ਰੱਜ ਕੇ ਠਿੱਠ ਕਰਦੀਆਂ। ਤਾਹਨੇ ਕਸਦੀਆਂ। ਉਨ੍ਹਾਂ ਨੂੰ ਢੀਠ, ਬੇਸ਼ਰਮ ਤੇ ਹੋਰ ਪਤਾ ਨਹੀਂ ਕੀ-ਕੀ ਕਹਿ ਕੇ ਭੰਡਦੀਆਂ। ਬੰਨ੍ਹੀ ਹੋਈ ਰੋਟੀ ਨੂੰ ਬਿਨਾਂ ਛੁਡਾਏ ਖਾ ਜਾਣ ਕਾਰਨ ਉਨ੍ਹਾਂ ਨੂੰ ਸ਼ਰਮਸਾਰ ਕਰਦੀਆਂ। ਬੰਨ੍ਹੀ ਰੋਟੀ ਖਾ ਜਾਣ ਨੂੰ ਲਾੜੇ ਦੀ ਹੱਤਕ ਮੰਨਿਆ ਜਾਂਦਾ ਸੀ;

**ਜਾਨੀ ਬੰਨ੍ਹੀ ਰੋਟੀ ਖਾ ਨੀਂ ਗਏ**
**ਕਿ ਲਾੜੇ ਨੂੰ ਲੀਕਾਂ ਲਾ ਨੀਂ ਗਏ**

ਪੰਜਾਬੀ ਵਿਆਹ ਦੀ ਇਹ ਰਸਮ ਇੰਨੀ ਰਸੀਲੀ ਸੀ ਕਿ ਮਾਨਣ ਵਾਲੇ ਇਸ ਸਮੇਂ ਹੋਣ ਵਾਲੇ ਸ਼ਬਦ ਯੁੱਧ ਦੀ ਉਡੀਕ ਕਰਦੇ ਸਨ। ਜਿੱਤਣ ਵਾਲੀ ਧਿਰ ਨਿੱਠ ਕੇ ਧਮੱਚੜ ਪੱਟਦੀ ਸੀ। ਹਾਰਨ ਵਾਲੀ ਧਿਰ ਨਮੋਸ਼ੀ ਝੱਲਦੀ ਸੀ। ਇਹ ਰਸਮ ਵਿਆਹ ਨੂੰ ਹੋਰ ਵੀ ਮਨਮੋਹਕ ਬਣਾਉਂਦੀ ਸੀ। ਅਜੋਕੇ ਵਿਆਹਾਂ ਵਿੱਚ ਇਹ ਕਿਸੇ ਦੇ ਚਿੱਤ-ਚੇਤੇ ਵੀ ਨਹੀਂ ਹੈ। ਪਦਾਰਥਕ ਦੁਨੀਆ ਦੇ ਦਿਖਾਵਾ ਸੱਭਿਆਚਾਰ ਨੇ ਖ਼ੁਸ਼ੀ ਦੇ ਮੌਕਿਆਂ ਨੂੰ ਢਾਹ ਲਾਈ ਹੈ। ਲੋਕਾਂ ਦੇ ਚੇਤਿਆਂ 'ਚੋਂ ਅਜਿਹੀਆਂ ਅਨੇਕਾਂ ਰਸਮਾਂ ਵਿੱਸਰ ਗਈਆਂ ਹਨ।

**ਡਾ. ਰਵਿੰਦਰ ਸਿੰਘ**




**No Fuel & Maintenance Charge**

**Level 1 Chief Flight Instructor**

**Train On CESSNA 172**

## From PPL to CPL, Your Aviation Career Begins Here

Embark on an exhilarating journey into the world of aviation with Western Community College's comprehensive Aviation Diploma program. Designed to equip aspiring pilots with the skills and knowledge needed to soar to new heights, this diploma offers a structured pathway from Private Pilot License (PPL) to Commercial Pilot License (CPL).

## Eligibility Requirements

Age 16-29 | Permanent Resident, Canadian Citizen, Refugee Status

WESTERN COMMUNITY COLLEGE

**Flying School**
Hangar F, Unit 120,
1185 Townline Road
Abbotsford, BC V2T 6E1
**abbyinfo@wcc.ca**

**Abbotsford**
Unit 201, 3670 Townline Rd
Abbotsford, BC V2T 5W8
+1-604-776-1301
**abbyinfo@wcc.ca**


Banta Pop In Store Now!
SABZI MANDI SUPERMARKET
Serving our Community since 2003
VICTORIA LOCATION Opening Soon!
306 Burnside Road, Victoria
HOT PRICE FRESH TOMATOES ਟਮਾਟਰ 99¢ /lb
HOT PRICE SEEDLESS WATERMELON ਮਤੀਰਾ 79¢ /lb
HOT PRICE PUNJABI TINDA ਪੰਜਾਬੀ ਟਿੰਡਾ 99¢ /lb
HOT PRICE FRESH GARLIC ਲਸਣ 1.39 /lb
NEW KRUNCH PANI PURI TRAY ਨੀਊ ਕਰੰਚ ਪਾਨੀ ਪੂਰੀ 260g 6.99 ea
UNBEATABLE DEAL
HANS GLUTEN FREE ATTA ਹੰਸ ਗਲੂਟਨ ਫਰੀ ਆਟਾ 10lb 18.99 ea
HOT PRICE FRESH CILANTRO ਧਨੀਆਂ Bunch 2 for 1.29
CHAK DE SPICES ਚੱਕ ਦੇ ਮਸਾਲੇ 100g Select Varieties 1.49 ea
JUMBO CARROTS ਵੱਡੀਆਂ ਗਾਜਰਾਂ 69¢ /lb
PUNJABI BY NATURE MASALA/PESI GUR ਪੰਜਾਬੀ ਬਾਈ ਨੇਚਰ ਮਸਾਲਾ /ਪੇਸੀ ਗੁੜ 1kg 3.99 ea
SHAN BASMATI RICE ਸ਼ਾਨ ਬਾਸਮਤੀ ਚਾਵਲ 10lb 12.99 ea
SHERBON JUICES ਸ਼ਰਬੋਨ ਜੂਸ 1L 1.99 ea
FUTURA CANOLA OIL ਫੁਟੂਰਾ ਸਰੋਂ ਦਾ ਤੇਲ 5L 15.99 ea
JUMBO EGGPLANT ਵੱਡੇ ਵਤਾਊਂ 1.89 ea
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
MDH SPICES ਐਮ. ਡੀ. ਐਚ. ਮਸਾਲੇ Select Varieties 1.99 ea
PETHA KADDU ਪੇਠਾ ਕੱਦੂ 99¢ /lb
FRESH GINGER ਅੱਦਰਕ 1.29 /lb
BC POTATOES ਆਲੂ 10lb 1.99 ea
INDIAN ROOH AFZA ਰੂਹ ਅਫਜ਼ਾ 750ml 3.99 ea
PEELED GARLIC ਲਸਣ 5lb Jar 9.99 ea
FRESH SPINACH ਸਾਗ Bunch 1.29 ea
FRESH METHI ਮੇਥੀ Bunch 1.49 ea
RUSSET POTATOES ਆਲੂ 10lb 3.99 ea
PROUDLY CANADIAN · PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. July 11, 2025 - Wed. July 16, 2025
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
You can also visit us online at www.sabzimandicanada.com
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.